SARDAR SUPER MARKET
ਸਰਦਾਰ ਸੁਪਰ ਮਾਰਕਿਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ
Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 8 No: 184 Website : www.punjabiakhbaar.ca Email: editor@punjabiakhbaar.ca Friday, 19 November 2021



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ


## ਕਰਤਾਰਪੁਰ ਲਾਂਘਾ ਮੁੜ 17 ਨਵੰਬਰ ਤੋਂ ਖੋਲਣ ਦਾ ਹੋਇਆ ਐਲਾਨ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਸਰਕਾਰ ਨੇ 17 ਨਵੰਬਰ ਤੋਂ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਟਵੀਟ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਦਿਹਾੜੇ ਮੌਕੇ ਇਹ ਫੈਸਲਾ ਲਿਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਗੁਰਦਾਸਪੁਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ।

## ਕਨੇਡਾ ਅਮਰੀਕਾ ਦਾ ਬਾਰਡਰ ਖੁੱਲ ਗਿਆ ਹੈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ)19 ਮਹੀਨੇ ਬੰਦ ਰਹਿਣ



ਮਗਰੋਂ ਕੈਨੇਡਾ ਦੇ ਨਾਲ ਲਗਦਾ ਯੂ.ਐਸ. ਬੌਰਡਰ ਚਾਲੂ ਹੋ ਗਿਆ ਹੈ। ਪੂਰੀ ਤਰ੍ਹਾਂ ਵੈਕਸਿਨੇਟ ਹੋ ਚੁੱਕੇ ਕੈਨੇਡੀਅਨ ਹੁਣ ਸੜਕ ਮਾਰਗ ਰਾਹੀਂ ਅਮੈਰਿਕਾ ਵੱਲ ਜਾ ਸਕਣਗੇ। 18 ਸਾਲ ਤੋਂ ਘਟ ਉਮਰ ਵਾਲੇ ਬੱਚਿਆਂ ਵਾਸਤੇ ਵੈਕਸਿਨੇਸ਼ਨ ਦੀ ਛੋਟ ਰੱਖੀ ਗਈ ਹੈ। ਅਮੈਰਿਕਾ ਤੋਂ ਕੈਨੇਡਾ ਪਰਤਨ ਵੇਲੇ ਸਾਰਿਆਂ ਕੋਲ 72 ਘੰਟੇ ਪਹਿਲਾਂ ਕਰਵਾਏ ਕੋਰੋਨਾ ਟੈਸਟ ਦੀ ਨੈਗੇਟਿਵ ਰਿਪੋਰਟ ਹੋਣੀ ਲਾਜ਼ਿਮ ਰਹੇਗੀ।

## ਕਨੇਡਾ ਵਿੱਚ ਬੀਤੇ ਦੀਆਂ ਘਟਨਾਵਾਂ ਕਾਰਣ ਰਾਸਟਰੀ ਝੰਡੇ ਨੂੰ ਉੱਚਾ ਨੀਵਾਂ ਹੋਣਾ ਪਿਆ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ)ਦੇਸ਼ ਭਰ ਵਿੱਚ ਸਾਰੀਆਂ ਸਰਕਾਰੀ ਇਮਾਰਤਾਂ ‘ਤੇ ਲੱਗਿਆ ਰਾਸ਼ਟਰੀ ਝੰਡਾ ਮੁੜ ਪੂਰਾ ਲਹਿਰਾ ਦਿੱਤਾ ਗਿਆ ਹੈ ਤੇ ਇਸ ਹਫ਼ਤੇ ਇੰਡਿਜਿਨਸ ਵੇਟੈਰਨਜ਼ ਡੇਅ ਮੌਕੇ ਇਸ ਨੂੰ ਮੁੜ ਝੁਕਾਇਆ ਗਿਆ ਅਤੇ ਸ਼ਾਮ ਨੂੰ ਮੁੜ ਪੂਰਾ ਲਹਿਰਾ ਦਿੱਤਾ ਗਿਆ। ਫਿਰ 11 ਨਵੰਬਰ ਵਾਲੇ ਦਿਨ ਮੈਮੋਰਿਅਲ ਡੇ ‘ਤੇ ਇਸ ਨੂੰ ਝੁਕਾਏ ਜਾਣ ਉਪਰੰਤ ਰਾਸ਼ਟਰੀ ਝੰਡਾ ਪੂਰਾ ਲਹਿਰਾ ਦਿੱਤਾ ਗਿਆ । ਪਿਛਲੀ 30 ਮਈ ਦੇ ਦਿਨ ਤੋਂ ਹੀ ਰਾਸ਼ਟਰੀ ਝੰਡਾ ਅੱਧਾ ਝੁਕਿਆ ਹੋਇਆ ਹੈ। ਕੈਮਲੂਪਸ ਵਿੱਚ ਮੂਲ ਨਿਵਾਸੀ ਬੱਚਿਆਂ ਦੀਆਂ ਬੇਨਾਮੀ ਕਬਰਾਂ ਮਿਲਣ ਮਗਰੋਂ ਰਾਸ਼ਟਰੀ ਝੰਡਾ ਝੁਕਾਇਆ ਗਿਆ ਸੀ। ਫੈਡਰਲ ਕ੍ਰਾਉਨ-ਇੰਡਿਜਿਨਸ ਰਿਲੇਸ਼ਨਜ਼ ਮਨਿਸਟਰ ਮਾਰਕ ਮਿਲਰ ਅਤੇ ਹੈਰਿਟੇਜ ਮਨਿਸਟਰ ਪੈਬਲੋ ਰੌਡਰੀਗਸ ਦਾ ਕਹਿਣਾ ਹੈ ਕਿ ਹਰ ਸਾਲ 30 ਸਤੰਬਰ ਵਾਲੇ ਦਿਨ ਵੀ ਰਾਸ਼ਟਰੀ ਝੰਡਾ ਝੁਕਾਇਆ ਜਾਏਗਾ।

## ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਝਟਕੇ 'ਤੇ ਝਟਕੇ ਲੱਗ ਰਹੇ ਹਨ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਵਿਧਾਨਸਭਾ ਵਿੱਚ ਚੱਲ ਰਹੇ ਸੈਸ਼ਨ ਦੌਰਾਨ ਰਾਏਕੋਟ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਗਤਾਰ ਸਿੰਘ ਜੱਗਾ ਵਿਰੋਧੀ ਧਿਰ ਦੀ ਬੈਂਚ ਤੋਂ ਉੱਠ ਕੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਕੋਲ ਆ ਕੇ ਬੈਠ ਗਏ ਤੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਬੀਤੇ ਦਿਨਾਂ ਵਿੱਚ ਇਹ ਆਮ ਆਦਮੀ ਪਾਰਟੀ ਨੂੰ ਦੂਜਾ ਝਟਕਾ ਲੱਗਿਆ ਹੈ। ਅਜੇ ਇਕ ਦਿਨ ਪਹਿਲਾਂ ਹੀ ਬਠਿੰਡਾ ਦਿਹਾਤੀ ਤੋਂ ਵਿਧਾਇਕ ਰੁਪਿੰਦਰ ਕੌਰ ਰੂਬੀ ਕਾਂਗਰਸ ਵਿਚ ਸ਼ਾਮਲ ਹੋਏ ਸਨ। ਤੇ ਸਾਲ 2017 ਦੀਆਂ ਚੋਣਾਂ ਮਗਰੋਂ ਇਸ ਪਾਰਟੀ ਨੂੰ ਲਗਾਤਾਰ ਖੋਰਾ ਲੱਗ ਰਿਹਾ ਦੱਸਿਆ ਜਾਂਦਾ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਝਟਕੇ 'ਤੇ ਝਟਕੇ ਲੱਗ ਰਹੇ ਹਨ। ਸਭ ਤੋਂ ਪਹਿਲਾਂ ਵਿਧਾਇਕ ਦਲ ਦੇ ਆਗੂ ਐੱਚਐੱਸ ਫੂਲਕਾ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋ ਅਸਤੀਫ਼ਾ ਦਿੱਤਾ ਤੇ ਫੇਰ ਸੁਖਪਾਲ ਸਿੰਘ ਖਹਿਰਾ ਨੇ ਬਗ਼ਾਵਤ ਕਰ ਦਿੱਤੀ ਤੇ ਕਾਂਗਰਸ ਵਿੱਚ ਜਾ ਸ਼ਾਮਲ ਹੋਏ। ਉਸ ਤੋਂ ਪਹਿਲਾਂ ਖਹਿਰਾ ਦੇ ਨਾਲ ਨਾਲ ਪਿਰਮਲ ਸਿੰਘ, ਜਗਦੇਵ ਸਿੰਘ ਕਮਾਲੂ, ਨਾਜ਼ਰ ਸਿੰਘ ਮਾਨਸ਼ਾਹੀਆ ਵੀ ਕਾਂਗਰਸ 'ਚ ਸ਼ਾਮਲ ਹੋ ਚੁੱਕੇ ਹਨ।

## ਬੀ.ਸੀ. ਵਿੱਚ ਹੋਈ ਭਾਰੀ ਬਾਰਿਸ਼ ਕਾਰਨ ਕੁੱਝ ਇਲਾਕਿਆਂ ਵਿੱਚ ਹੜ੍ਹ

ਸਰੀ, (ਪੰਜਾਬੀ ਅਖਬਾਰ ਬਿਊਰੋ) ਬੀ.ਸੀ. ਵਿੱਚ ਬੀਤੇ ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਹੋਈ ਭਾਰੀ ਬਾਰਿਸ਼ ਅਤੇ ਤੇਜ਼ ਹਵਾਵਾਂ ਕਾਰਨ ਕੁੱਝ ਇਲਾਕਿਆਂ ਵਿੱਚ ਹੜ੍ਹ ਆ ਗਏ ਹਨ ਅਤੇ ਲੋਕਾਂ ਨੂੰ ਘਰ ਖਾਲੀ ਕਰਨ ਲਈ ਮਜ਼ਬੂਰ ਹੋਣਾ ਪਿਆ। ਵੀਕਐਂਡ ਦੌਰਾਨ ਇਸ ਇਲਾਕੇ ਵਿੱਚ 180 ਤੋਂ 250 ਮਿਲੀਮੀਟਰ ਤੱਕ ਵਰਖਾ ਰਿਕਾਰਡ ਹੋਈ ਹੈ।7000 ਦੀ ਆਬਾਦੀ ਵਾਲਾ ਮੈਰਿਟ ਸ਼ਹਿਰ ਭਾਰੀ ਵਰਖਾ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਸਾਰਾ ਸ਼ਹਿਰ ਪਾਣੀ ਵਿੱਚ ਡੁੱਬਿਆ ਹੋਇਆ ਹੈ।ਲੋਕਾਂ ਨੂੰ ਘਰਾਂ ਚੋਂ ਕੱਢ ਕੇ ਕੈਮਲੂਪਸ, ਕਲੋਨਾ ਅਤੇ ਹੋਰ ਸੁਰੱਖਿਅਤ ਥਾਵਾਂ ਤੇ ਪੁਚਾਇਆ ਗਿਆ ਹੈ।ਮਿਸ਼ਨ ਦੇ ਵੀ ਕੁੱਝ ਹਿੱਸਿਆਂ ਵਿੱਚ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਗਿਆ ਹੈ। ਐਬਟਸਫੋਰਡ ਦੇ ਮੇਅਰ ਹੈਨਰੀ ਬ੍ਰਾਊਨ ਨੇ ਸ਼ਹਿਰ ਵਿਚ ਲੋਕਲ ਸਟੇਟ ਆਫ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ ਅਤੇ ਐਬਟਸਫੋਰਡ ਦੇ ਕੁੱਝ ਘਰਾਂ ਨੂੰ ਖਾਲੀ ਕਰਨ ਦੇ ਵੀ ਨਿਰਦੇਸ਼ ਜਾਰੀ ਕੀਤੇ ਗਏ ਹਨ। ਚਿਲਿਵੈਕ ਸਕੂਲ ਡਿਸਟ੍ਰਿਕਟ ਵੱਲੋਂ ਨੋਟਿਸ ਜਾਰੀ ਕਰਕੇ ਹੜ੍ਹਾਂ ਦੇ ਖਤਰੇ ਕਾਰਨ ਸਾਰੇ ਸਕੂਲ ਬੰਦ ਕਰ ਦਿੱਤੇ ਗਏ ਹਨ।ਮਿਸ਼ਨ ਵਿਚ ਵੀ ਸਕੂਲ ਬੰਦ ਕਰ ਦਿੱਤੇ ਗਏ ਹਨ। ਹੜ੍ਹਾਂ ਕਾਰਨ ਹੋਪ ਤੋਂ ਅੱਗੇ ਹਾਈਵੇਅ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਹਾਈਵੇਅਬੰਦ ਹੋਣ ਕਾਰਨ ਲੱਗਭੱਗ 500 ਟਰੱਕ ਇਸ ਰਸਤੇ ਵਿਚ ਫਸ ਗਏ ਹਨ ਅਤੇ ਕਈ ਪਰਿਵਾਰ ਵੀ ਆਪਣੀਆਂ ਕਾਰਾਂ ਸਮੇਤ ਇਸ ਇਲਾਕੇ ਵਿੱਚ ਘਿਰ ਗਏ ਹਨ।ਇਨ੍ਹਾਂ ਟਰੱਕ ਡਰਾਈਵਰਾਂ ਅਤੇ ਹੋਰ ਫਸੇ ਲੋਕਾਂ ਨੂੰ ਰਾਹਤ ਪੁਚਾਉਣ ਲਈ ਸਰਕਾਰੀ ਏਜੰਸੀਆਂ, ਪੁਲਿਸ ਤੋਂ ਇਲਾਵਾ ਲੋਕਾਂ ਵੱਲੋਂ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀ.ਸੀ. ਦੇ ਦੱਖਣੀ ਤੱਟ ਦੇ ਇਲਾਕੇ ਵਿਚ ਮੀਂਹ ਕਾਰਨ ਬਣੇ ਹਾਲਾਤ ‘ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਮੈਰਿਟ ਅਤੇ ਬੀ.ਸੀ. ਦੇ ਹੋਰ ਇਲਾਕਿਆਂ ਵਿੱਚ ਹੜ੍ਹਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਸੁਰੱਖਿਆ ਲਈ ਫੈਡਰਲ ਸਰਕਾਰ ਵੱਲੋਂ ਸੂਬੇ ਦੀ ਹਰ ਪ੍ਰਕਾਰ ਦੀ ਮੱਦਦ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਮੁਸ਼ਕਿਲ ਘੜੀ ਵਿੱਚ ਫੈਡਰਲ ਸਰਕਾਰ ਪੂਰੀ ਤਰ੍ਹਾਂ ਸੂਬੇ ਦੇ ਨਾਲ ਹੈ।

ਵਰਕਰਾਂ ਦੀ ਲੋੜ
SIDHU PAINTING & DECORATING LTD.
ਸਿੱਧੂ ਪੇਂਟਿੰਗ ਕੰਪਨੀ ਨੂੰ ਵਿਨੀਪੈਗ ਵਿਖੇ ਵਰਕਰਾਂ ਦੀ ਲੋੜ ਹੈ।
ਵਧੀਆ ਤਨਖਾਹ ਅਤੇ ਹੋਰ ਸਹੂਲਤਾ ਦਿੱਤੀਆਂ ਜਾਣਗੀਆਂ ।
ਸੰਪਰਕ : 403 520 0000

ਸੈਸਕਾਟੂਨ ਵਿਖੇ ਪੰਜਾਬੀ ਅਖਬਾਰ ਲਈ ਪੱਤਰਕਾਰ / ਸੇਲਜ਼ਮੈਨ ਦੀ ਲੋੜ ਹੈ।
ਕਾਲ : ਹਰਬੰਸ ਬੁੱਟਰ
ਸੰਪਾਦਕ : ਪੰਜਾਬੀ ਅਖਬਾਰ
403 640 2000

Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

PARDEEP REHSI
REALTOR
ਘਰ ਵੇਚਣ ਅਤੇ ਖਰੀਦਣ ਵਾਲਿਆਂ ਲਈ ਸਪੈਸ਼ਲ ਪੈਕੇਜ ਮੁਫਤ !
ਆਪਣੇ ਘਰ ਦੀ ਕੀਮਤ ਬਾਰੇ ਜਾਣਕਾਰੀ ਲਈ ਕਾਲ ਕਰੋ
ROYAL LEPAGE PROPERTY MANAGEMENT & REAL ESTATE SERVICES CAVES
Thinking of Buying, Selling or Investing? Call Today?
431 777 8590
E-mail: prehsi@yahoo.com
11, St. Anne's Road Winnipeg MB R2M 2Y1

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797
ਪੰਜਾਬੀ ਅਖ਼ਬਾਰ Punjabi Akhbaar PunjabiAkhbaar.ca

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg, MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
SUPER VISA INSURANCE
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SAHARA INSURANCE GROUP
Giving you the protection you need.
We offer best solution for you.
Super Visa Insurance · Mortgage Insurance
Critical Illness Insurance · Life Insurance
Disability Insurance · Visitor Insurance
Dental & Health Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE
Call: 204.227.5758
Email: rajsandhu@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue
Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg | Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਨਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770




COPPERSTONE
AT COPPERFIELD

# ਕਾਪਰਫੀਲਡ ਵਿੱਚ ਬਿਲਕੁਲ ਨਵੇਂ ਘਰ ਖਰੀਦਣ ਸਮੇਂ ਕਾਨੂੰਨੀ ਬੇਸਮੈਂਟ ਸੂਇਟ ਦੀ ਸਹੂਲਤ ਸਮੇਤ ਅਪਗ੍ਰੇਡ ਕਰੋ !



## ਮਾਡਰਨ ਸਿੰਗਲ ਫੈਮਿਲੀ ਹੋਮ

2,015 to 2,508 sq. ft.
3-4 bedrooms with bonus room
2-3 bathrooms
Legal basement suite option

**Starting from Low $500 (incl.GST)**



## ਸਿੰਗਲ ਫੈਮਿਲੀ ਲੇਨਡ ਹੋਮ

1,735 to 1,867 sq. ft
3 bedrooms
2 bathrooms
Legal basement suite option

**Starting from $469,900 (incl.GST)**



## ਐਗੇਜੈਕਟਿਵ ਸਿੰਗਲ ਫੈਮਿਲੀ ਹੋਮ

2,508 to 2,934 sq. ft.
3-4 bedrooms with bonus room | 2-3 bathrooms
Walk-out basement with options to add a legal basement suite.

**Starting from High $600 (incl.GST)**

Appointments MUST be made prior in order to visit Sales Centre & Showrooms.

Monday - Thursday: 2 - 8 PM
Sat, Sun & Holidays: 12 - 5 PM
Thrusday & Friday: by appointment

587.352.4266
COPPERSTONELIVING.COM
1233 Copperfield Blvd SE,
Calgary, AB T2Z 5G1

VESTA PROPERTIES

Choose your incentive of up to $10,000 off the price of your home, designer credit or upgrade options. This offer cannot be combined with other promotional offers. Some restrictions apply. Ask sales team for full details.

# ਯੁਨਾਈਟਿਡ ਫੀਲਡ ਹਾਕੀ ਦਾ ਹਾਕੀ ਪਲੇਅਰ ਤਨਵੀਰ ਕੰਗ ਜੂਨੀਅਰ ਵਿਸ਼ਵ ਕੱਪ ਦੀ ਟੀਮ ਵਿੱਚ ਚੁਣਿਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਵਿੱਚੋਂ ਇੱਕੋ ਇੱਕ ਪਲੇਅਰ ਤਨਵੀਰ ਕੰਗ ਨੂੰ ਭਾਰਤ, ਭੁਵਨੇਸ਼ਵਰ ਵਿੱਚ 24 ਨਵੰਬਰ 2021 ਤੋਂ ਹੋਣ ਵਾਲੇ ਜੂਨੀਅਰ ਵਿਸ਼ਵ ਕੱਪ 2021 ਲਈ 18 ਖਿਡਾਰੀਆਂ ਵਿੱਚੋਂ ਚੁਣਿਆ ਗਿਆ ਹੈ। ਇਹ ਸਾਡੇ ਕਲੱਬ ਅਤੇ ਅਲਬਰਟਾ ਭਾਈਚਾਰੇ ਲਈ ਬਹੁਤ ਮਾਣ ਵਾਲਾ ਪਲ ਹੈ ਕਿਉਂਕਿ ਉਹ ਅਲਬਰਟਾ ਤੋਂ ਵਿਸ਼ਵ ਕੱਪ ਪੱਧਰ 'ਤੇ ਕੈਨੇਡਾ ਦੀ ਨੁਮਾਇੰਦਗੀ ਕਰਨ ਵਾਲਾ ਇਕਲੌਤਾ ਖਿਡਾਰੀ ਹੈ। ਕਲੱਬ ਉਨ੍ਹਾਂ ਸਾਰੇ ਲੋਕਾਂ ਦਾ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਤਨਵੀਰ ਨੂੰ ਕੈਨੇਡਾ ਦੀ ਪ੍ਰਤੀਨਿਧਤਾ ਕਰਨ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਮੱਦਦ ਕੀਤੀ। ਇਹ ਵਿਚਾਰ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਕਲੱਬ ਦੇ ਪ੍ਰਧਾਨ ਜਾਦੂ ਅਤੇ ਮਨਦੀਪ ਝੱਲੀ ਨੇ ਸਭਨਾ ਦਾ ਧੰਨਵਾਦ ਕਰਦਿਆ ਆਖੇ। ਕਲੱਬ ਵੱਲੋਂ ਕਲੱਬ ਦੇ ਸਾਰੇ ਸਪਾਂਸਰ ਵੀਰਾਂ ਭੈਣਾਂ,ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕਰਦਿਆਂ ਉਹਨਾਂ ਕਿਹਾ ਕਿ ਅਸੀਂ ਵਾਅਦਾ ਕਰਦੇ ਹਾਂ ਭਵਿੱਖ ਵਿੱਚ ਵੀ ਕਲੱਬ ਤੁਹਾਡੇ ਸਹਿਯੋਗ ਨਾਲ ਹੋਰ ਪਲੇਅਰਾਂ ਨੂੰ ਇਸ ਪੱਧਰ ਤੱਕ ਪਹੁੰਚਾਉਣ ਲਈ ਮਿਹਨਤ ਜਾਰੀ ਰੱਖੇਗਾ।



ਵਰਨਣਯੋਗ ਹੈ ਕਿ ਤਨਵੀਰ ਪਿਛਲੇ 3 ਸਾਲਾ ਤੋਂ ਬੀ ਸੀ ਲੀਗ ਵੈਸਟ ਕੋਸਟ ਕਲੱਬ ਵੱਲੋਂ ਖੇਡ ਰਿਹਾ ਹੈ। ਪਿਛਲੇ ਤਿੰਨ ਸਾਲਾ ਤੋਂ ਹਰ ਹਫ਼ਤੇ ਕਦੇ ਬੀ ਸੀ ਕਨੇਡਾ ਕੈਂਪ ਅਤੇ ਲੀਗ ਮੈਚਾਂ ਲਈ ਜਾਣਾ ਪੈਂਦਾ ਸੀ। ਇਹਨਾਂ ਤਿੰਨਾਂ ਸਾਲਾਂ ਦੀ ਭੱਜ ਦੌੜ ਵਿੱਚ ਉਹਨਾਂ ਦੇ ਪਿਤਾ ਸੁਖਜੀਤ ਕੰਗ ਦੇ ਨਾਲ ਨਾਲ ਪਾਲੀ ਵਿਰਕ, ਡਾ: ਥੋਮਸ;ਪਾਰੂ ਯੂ ਐਸ ਏ, ਤਰਨੀ ਹੇਅਰ ਅਤੇ ਕਲੱਬ ਪ੍ਰਧਾਨ ਜਾਦੂ ਦਾ ਵੀ ਬਹੁਤ ਯੋਗਦਾਨ ਰਿਹਾ।

## ਜਦੋਂ ਵੈਕਸੀਨ ਅਤੇ ਮਾਸਕ ਵਿਰੋਧੀ ਸੋਚ ਵਾਲਿਆਂ ਕੈਲਗਰੀ ਦਾ ਏਅਰਪੋਰਟ ਘੇਰ ਲਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇੰਟਰਨੈਸ਼ਨਲ ਏਅਰਪੋਰਟ 'ਤੇ ਬੀਤੇ ਕੱਲ 50 ਦੇ ਕਰੀਬ ਵਿਅਕਤੀਆਂ ਨੇ ਇੱਕ ਰੈਲੀ ਵਿੱਚ ਸ਼ਾਮਿਲ ਹੁੰਦਿਆਂ ਏਅਰਪੋਰਟ ਵੱਲ ਜਾਂਦੇ ਟ੍ਰੈਫਿਕ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤੇ ਔਰਗ਼ੇਨਾਇਜ਼ਰਜ਼ ਵਿੱਚੋਂ ਇੱਕ ਦੀ ਪਛਾਣ ਕਰਕੇ ਉਸ ਵਿਰੁੱਧ ਚਾਰਜ ਲਗਾਏ ਜਾਣ ਦੀ ਖ਼ਬਰ ਹੈ। ਸਾਰੇ ਦੇਸ਼ ਵਿੱਚ ਇਸੇ ਤਰ੍ਹਾਂ ਦੀਆਂ ਰੈਲੀਆਂ ਕੀਤੇ ਜਾਣ ਦੀ ਕਾਲ ਸੀ। ਕੈਲਗਰੀ ਪੁਲਿਸ ਦਾ ਕਹਿਣਾ ਹੈ ਕਿ ਬਹੁਤੀ ਦੇਰ ਤੱਕ ਟ੍ਰੈਫਿਕ ਪ੍ਰਭਾਵਿਤ ਨਹੀਂ ਹੋਇਆ। 17 ਸੰਮਨ ਜਾਰੀ ਕੀਤੇ ਗਏ ਹਨ। ਜਿਸ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਉਸ ਦਾ ਨਾਮ ਕ੍ਰਿਸ ਸੈਕੋਸੀਆ ਦੱਸਿਆ ਗਿਆ ਹੈ ਤੇ ਉਹ ਪਹਿਲਾਂ ਵੀ ਟੋਰੰਟੋ ਵਿੱਚ ਮਾਸਕ ਅਤੇ ਵੈਕਸਿਨੇਸ਼ਨ ਵਿਰੋਧੀ ਰੈਲੀਆਂ ਵਿੱਚ ਹਿੱਸਾ ਲੈਂਦਾ ਰਿਹਾ ਹੈ। ਇਸ ਰੈਲੀ ਵਿੱਚ ਦਰਜਨਾਂ ਗੱਡੀਆਂ ਸ਼ਾਮਲ ਸਨ।

## ਜਤਿੰਦਰ ਸਿੰਘ ਤਤਲਾ ਨੂੰ ਅਲਬਰਟਾ ਦੀ ਟਰਾਂਸਪੋਰਟ ਮੰਤਰੀ ਦਾ ਸਲਾਹਕਾਰ ਲਗਾਇਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਮਾਜਿਕ ਅਤੇ ਰਾਜਨੀਤਕ ਹਲਕਿਆਂ ਵਿੱਚ ਬੀਤੇ ਲੰਮੇ ਸਮੇਂ ਤੋਂ ਸਰਗਰਮੀ ਨਾਲ ਵਿਚਰਦੇ ਸਿੱਖ ਦਿੱਖ ਵਾਲੇ ਨੌਜਵਾਨ ਜਤਿੰਦਰ ਸਿੰਘ ਤਤਲਾ ਨੂੰ ਅਲਬਰਟਾ ਦੀ ਟਰਾਂਸਪੋਰਟ ਮੰਤਰੀ ਰਾਜਨ ਸਾਹਨੀ ਵੱਲੋਂ ਅਲਬਰਟਾ ਟਰਾਂਸਪੋਰਟ ਸਬੰਧੀ ਵਿਸੇਸ ਸਲਾਹਕਾਰ ਨਿਯੁਕਤ ਕੀਤਾ ਹੈ। ਵਰਨਣਯੋਗ ਹੈ ਕਿ ਜਤਿੰਦਰ ਸਿੰਘ ਤਤਲਾ ਦਾ ਲੰਮੇ ਸਮੇਂ ਤੋਂ ਟੈਕਸੀ ਇੰਡਸਟਰੀ ਨਾਲ ਵਾਹ ਵਾਸਤਾ ਹੈ ਅਤੇ ਇਸ ਸਬੰਧੀ ਉਹਨਾਂ ਨੂੰ ਕਿਸੇ ਸਮੇਂ ਟੂਰਇਜ਼ਮ ਆਫ ਕੈਲਗਰੀ ਵੱਲੋਂ ਬੈਸਟ ਡਰਾਈਵਰ ਅਤੇ ਸਰਵਿਸ ਸਨਮਾਨ ਵੀ ਮਿਲਿਆ ਸੀ। ਸੋ ਹੁਣ ਅਲਬਰਟਾ ਵਿਚਲੇ ਟਰਾਂਸਪੋਰਟ ਧੰਦੇ ਨਾਲ ਜੁੜੇ ਪੰਜਾਬੀਆਂ ਨੂੰ ਆਪਣੀ ਗੱਲਬਾਤ ਸਰਕਾਰੇ ਦਰਬਾਰੇ ਰੱਖਣੀ ਹੋਰ ਸੌਖਾਲੀ ਹੋ ਜਾਵੇਗੀ। ਤੁਹਾਡੀਆਂ ਟਰਾਂਸਪੋਰਟ ਦੀਆਂ ਮੁਸਕਿਲਾਂ ਸਬੰਧੀ 403 973 6618 ਫੋਨ ਨੰਬਰ ਉੱਪਰ ਸੰਪਰਕ ਕਰ ਸਕਦੇ ਹੋ।



## ਧੌਣ ਉੱਪਰ ਗੋਡਾ ਰੱਖਣ ਵਾਲਾ ਪੁਲਸੀਆ ਹੁਣ ਖੁਦ ਅਦਾਲਤੀ ਗੋਡੇ ਹੇਠ ਆ ਗਿਆ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਪੁਲਿਸ ਭਾਵੇਂ ਲੋਕਾਂ ਦੀ ਹਿਫਾਜਤ ਲਈ ਹੁੰਦੀ ਹੈ ਪਰ ਇਹਨੀ ਦਿਨੀ ਕਨੇਡਾ ਵਰਗੇ ਮੁਲਕ ਦੀ ਪੁਲਿਸ ਵੀ ਹਿਫਾਜਤ ਵਰਗੇ ਸੁਰੱਖਿਆ ਕਵਚ ਦੇ ਦੂਸਰੇ ਪਾਸੇ ਖੜੀ ਵਿਖਾਈ ਦਿੰਦੀ ਹੈ। ਕੈਲਗਰੀ ਦੇ ਪੁਲਿਸ ਸਟੇਸਨ ਵਿੱਚ ਇੱਕ ਔਰਤ ਨਾਲ ਜਿਆਦਤੀ ਦੀ ਖ਼ਬਰ ਦੀ ਸਿਆਹੀ ਹਾਲੇ ਸੁੱਕੀ ਨਹੀਂ ਸੀ ਕਿ ਅਲਬਰਟਾ ਦੀ ਰਾਜਧਾਨੀ ਐਡਮੰਟਨ ਤੋਂ ਪੁਲਿਸ ਜਿਆਦਤੀ ਦੀ ਸੁੱਕੀ ਸਿਆਹੀ ਵਾਲੀ ਖ਼ਬਰ ਦੀ ਰੰਗਤ ਫਿਰ ਗੂਹੜੀ ਹੋ ਗਈ ਹੈ। ਘਟਨਾ ਅਗਸਤ 2019 ਦੀ ਹੈ। ਪੁਲਿਸ ਇੱਕ ਮੂਲ ਨਿਵਾਸੀ ਭਾਈਚਾਰੇ ਦੇ ਵਿਅਕਤੀ ਮੈਕਲਿਉਡ ਨੂੰ ਗ੍ਰਿਫਤਾਰ ਕਰਦੀ ਹੈ ਪਰ ਗ੍ਰਿਫਤਾਰੀ ਦਾ ਢੰਗ ਤਰੀਕਾ ਜੋ ਵੀਡੀਓ ਵਿੱਚ ਦਿਖਾਈ ਦਿੰਦਾ ਹੈ ਉਹ ਵਾਜਿਬ ਨਹੀਂ ਹੈ। ਹੱਥਕੜੀ ਦੇ ਨਾਲ ਨਾਲ ਪੁਲਿਸ ਅਫਸਰ ਦਾ ਗੋਡਾ ਫੜੇ ਗਏ ਵਿਅਕਤੀ ਉੱਪਰ ਤਸੱਦਦੀ ਰੂਪ ਵਿੱਚ ਦਿਖਾਈ ਦਿੰਦਾ ਹੈ। ਹੁਣ ਇਹ ਵੀਡੀਓ ਇਸ ਕਰਕੇ ਚਰਚਾ ਵਿੱਚ ਆਈ ਹੈ ਕਿ ਇਸ ਗ੍ਰਿਫਤਾਰੀ ਦੀ ਵੀਡੀਓ ਗ੍ਰਿਫਤਾਰੀ ਤੋਂ ਅਗਲੇ ਦਿਨ ਹੀ ਐਡਮੰਟਨ ਪੁਲਿਸ ਨੂੰ ਕਿਸੇ ਨੇ ਦੇ ਦਿੱਤੀ ਸੀ ਪਰ ਪੁਲਿਸ ਨੇ ਇਸ ਵੀਡੀਓ ਨੂੰ ਅਦਾਲਤ ਤੱਕ ਲੈ ਜਾਣ ਲਈ ਕੋਤਾਹੀ ਵਰਤੀ। ਪੂਰੇ ਚਾਰ ਮਹੀਨੇ ਇਸ ਵੀਡੀਓ ਨੂੰ ਅਦਾਲਤ ਤੱਕ ਜਾਣ ਤੋਂ ਰੋਕੀ ਰੱਖਿਆ। ਇਸ ਵੀਡੀਓ ਦੀ ਅਦਾਲਤ ਵਿੱਚ ਗੈਰਹਾਜਰੀ ਨੇ ਅਦਾਲਤੀ ਫੈਸਲੇ ਨੂੰ ਪ੍ਰਭਾਵਿਤ ਕੀਤਾ ਜਿਸ ਤਹਿਤ ਮੈਕਲਿਉਡ ਨੂੰ 12 ਮਹੀਨੇ ਦੀ ਪਰਬੋਸ਼ਨ ਅਤੇ 65 ਦਿਨਾਂ ਦੀ ਜੇਲ ਦੀ ਸਜਾ ਸਾਮਿਲ ਸੀ। ਹੁਣ ਇਸ ਵੀਡੀਓ ਦੇ ਆਮ ਲੋਕਾਂ ਵਿੱਚ ਆ ਜਾਣ ਕਾਰਣ ਪੁਲਿਸ ਦਾ ਅਣਗਹਿਲੀ ਭਰਿਆ ਵਤੀਰਾ ਲੋਕ ਮਨਾ ਵਿੱਚ ਘਰ ਕਰਦਾ ਜਾ ਰਿਹਾ ਹੈ

## ਕੈਲਗਰੀ ਦੇ ਪ੍ਰਾਪਰਟੀ ਟੈਕਸ ਵਿੱਚ ਥੋੜਾ ਜਿਹਾ ਵਾਧਾ ਹੋ ਸਕਦਾ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਔਫ਼ ਕੈਲਗਰੀ ਵੱਲੋਂ ਅਗਲੇ ਸਾਲ ਸ਼ਹਿਰ ਵਾਸੀਆਂ ਉੱਪਰ ਪ੍ਰੌਪਰਟੀ ਟੈਕਸ ਦਾ ਮਾਮੂਲੀ ਬੋਝ ਵਧਾਉਣ ਲਈ ਸਿਟੀ ਕੌਂਸਲ ਨੂੰ ਕਿਹਾ ਜਾ ਰਿਹਾ ਹੈ। ਚਾਰ ਸਾਲ ਦੇ ਬਜਟ ਸਾਇਕਲ ਦਾ ਇਹ ਆਖ਼ਰੀ ਸਾਲ ਹੈ। ਤਜਵੀਜ਼ਸ਼ੁਦਾ ਟੈਕਸ ਦਰ ਦੀ ਤਬਦੀਲੀ ਵਿੱਚ 1% ਤੋਂ ਵੀ ਘੱਟ ਵਾਧੇ ਦੀ ਗੱਲ ਕਹੀ ਗਈ ਹੈ। ਪ੍ਰੌਪਰਟੀ ਟੈਕਸ ਵਿੱਚ ਜਿੰਨਾ ਵਾਧਾ ਹੋਇਆ ਉਸ ਵਿਚੋਂ 0.64% ਬੇਸ ਬਜਟ ਵਾਧਾ ਕੀਤੇ ਜਾਣ ਅਤੇ 0.35% ਵਾਧਾ ਪੁਲਿਸ ਨੂੰ ਦੇਣ ਵਾਸਤੇ ਸਿਟੀ ਅਧਿਕਾਰੀਆਂ ਵੱਲੋਂ ਕਿਹਾ ਗਿਆ ਹੈ। ਪ੍ਰੌਪਰਟੀ ਟੈਕਸ ਵਿੱਚ ਕੁੱਲ ਵਾਧਾ 0.99% ਕੀਤੇ ਜਾਣ ਦੀ ਸਿਫਾਰਿਸ਼ ਕੀਤੀ ਗਈ ਹੈ। ਸਾਲ 2018 ਵਿੱਚ ਇਸ ਸਾਲ ਵਾਸਤੇ ਪ੍ਰੌਪਰਟੀ ਟੈਕਸ ਵਿੱਚ 3.46% ਦੇ ਵਾਧੇ ਨੂੰ ਮਨਜ਼ੂਰ ਕੀਤਾ ਗਿਆ ਸੀ। ਇਸ ਸਾਲ ਪ੍ਰੌਪਰਟੀ ਟੈਕਸ ਵਿੱਚ 1.7% ਦੀ ਕਮੀ ਕੀਤੀ ਗਈ ਗਈ ਸੀ ਤੇ ਅਗਲੇ ਸਾਲ ਇਸ ਨੂੰ ਫ੍ਰੀਜ਼ ਕਰਨ ਨੂੰ ਕਿਹਾ ਗਿਆ ਸੀ। ਹੁਣ ਸੰਭਾਵਨਾ ਹੈ ਕਿ 1% ਤੋਂ ਹੇਠਾਂ-ਹੇਠਾਂ ਪ੍ਰੌਪਰਟੀ ਟੈਕਸ ਵਿੱਚ ਵਾਧਾ ਹੋ ਸਕਦਾ ਹੈ।

## ਉਹਨਾਂ ਨੇ ਵੈਕਸੀਨ ਲਗਵਾਉਣ ਦਾ ਰਿਕਾਰਡ ਤੋੜ ਸੁੱਟਿਆ ਜਿਹਨਾਂ ਉੱਪਰ ਕੈਨੀ ਸਰਕਾਰ ਨੇ ਦੋਸ਼ ਲਾਇਆ ਸੀ ਕਿ ਇਹਨਾਂ ਲੋਕਾਂ ਕਾਰਣ ਕਰੋਨਾ ਕੰਟਰੋਲ ਨਹੀਂ ਹੋ ਰਿਹਾ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਨੌਰਥ ਈਸਟ ਵਿੱਚ ਰਹਿਣ ਵਾਲੇ ਅਤੇ ਐਲਿਜਿਬਲ ਵਿਅਕਤੀਆਂ ਦੀ 99% ਗਿਣਤੀ ਨੇ ਵੈਕਸਿਨੇਸ਼ਨ ਹਾਸਲ ਕਰ ਲਈ ਦੱਸੀ ਗਈ ਹੈ। ਇਸੇ ਇਲਾਕੇ ਵਿੱਚ ਸਭ ਤੋਂ ਪਹਿਲਾਂ ਸ਼ਭ ਤੋਂ ਘੱਟ ਗਿਣਤੀ ਵੱਲੋਂ ਵੈਕਸਿਨੇਸ਼ਨ ਲੈਣ ਦੀ ਗੱਲ ਕਹੀ ਜਾ ਰਹੀ ਸੀ। ਜਾਰੀ ਰਿਪੋਰਟ ਮੁਤਾਬਕ ਕੈਲਗਰੀ ਅਪਰ ਨੌਰਥ ਈਸਟ ਵਿੱਚ 12 ਸਾਲ ਤੋਂ ਉੱਪਰ ਉਮਰ ਦੇ 99% ਲੋਕ ਵੈਕਸਿਨੇਟ ਹੋ ਚੁੱਕੇ ਦਰਜ ਕੀਤੇ ਗਏ ਹਨ। 60 ਤੋਂ 74 ਸਾਲ ਅਤੇ ਉੱਪਰ ਉਮਰ ਦੇ ਸਾਰੇ ਹੀ ਵਿਅਕਤੀਆਂ ਨੇ ਵੈਕਸਿਨ ਹਾਸਲ ਕਰ ਲਈ ਦਰਜ ਕੀਤੀ ਗਈ ਹੈ। 12 ਸਾਲ ਤੋਂ ਉੱਪਰ ਉਮਰ ਦੇ 88% ਲੋਕਾਂ ਨੇ ਵੈਕਸਿਨ ਦੀ ਘੱਟੋ ਘੱਟ ਇੱਕ ਡੋਜ਼ ਲੈ ਲਈ ਦੱਸੀ ਗਈ ਹੈ ਤੇ 82% ਪੂਰੀ ਤਰ੍ਹਾਂ ਸੁਰੱਖਿਅਤ ਹੋ ਚੁੱਕੇ ਹਨ। ਪਿਛਲੇ ਸਾਲ ਦੇ ਇਸ ਸਮੇਂ ਤੱਕ ਵੈਕਸਿਨ ਹਾਸਲ ਕਰਨ ਦੇ ਸਭ ਤੋਂ ਘੱਟ ਮਾਮਲੇ ਰਿਪੋਰਟ ਹੋਏ ਸਨ। ਐਡਮੰਟਨ ਦੇ ਵੈਸਟ ਜੈਸਪਰ ਪਲੇਸ ਅਤੇ ਨਾਲ ਲੱਗਦੇ ਕੁੱਝ ਇਲਾਕਿਆਂ ਵਿੱਚ ਵੀ 95% ਲੋਕਾਂ ਨੇ ਵੈਕਸਿਨ ਲੱਗ ਗਈ ਦੱਸੀ ਗਈ ਹੈ। ਸੈਂਟਰ ਵੈਸਟ ਕੈਲਗਰੀ ਵਿੱਚ 91% ਲੋਕਾਂ ਨੇ ਵੈਕਸਿਨ ਲੈ ਲਈ ਦਰਜ ਕੀਤੀ ਗਈ ਹੈ।




## ਕਨਵੋਕੇਸ਼ਨ ਮੌਕੇ ਵਿਦਿਆਰਥੀਆਂ ਨੂੰ ਵਾਈਸ ਚਾਂਸਲਰ ਨਾਲ ਹੱਥ ਮਿਲਾਉਣ ਦਾ ਮੌਕਾ ਨਹੀਂ ਮਿਲ ਮਿਲਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੁਨਿਵਰਸਿਟੀ ਔਫ਼ ਕੈਲਗਰੀ ਵਿੱਚ ਇਹ ਦਿਨ ਭਾਵੁਕ ਕਰ ਦੇਣ ਵਾਲਾ ਸੀ। ਸੈਂਕੜੇ ਵਿਦਿਆਰਥੀਆਂ ਨੇ ਇਸ ਸਾਲ ਪਹਿਲੀ ਵਾਰ, ਕਨਵੋਕੇਸ਼ਨ ਵਿੱਚ ਖੁਦ ਹਾਜ਼ਰ ਹੋ ਕੇ ਆਪਣੀਆਂ ਡਿਗਰੀਆਂ ਹਾਸਲ ਕੀਤੀਆਂ। ਸਾਲ 2019 ਤੋਂ ਬਾਦ ਪਹਿਲੀ ਵਾਰ ਇਸ ਸਾਲ ਕਨਵੋਕੇਸ਼ਨ ਹੋ ਸਕੀ ਹੈ। ਮਹਿਮਾਨਾਂ ਨੂੰ ਇਸ ਕਨਵੋਕੇਸ਼ਨ ਵਿੱਚ ਆਉਣ ਦੀ ਆਗਿਆ ਨਹੀਂ ਸੀ। ਵਿਦਿਆਰਥੀਆਂ ਨੂੰ ਮਾਸਕ ਪਾ ਕੇ ਰੱਖਣੇ ਪਏ ਤੇ ਚਾਂਸਲਰ ਨਾਲ ਹੱਥ ਮਿਲਾਉਣ ਦਾ ਵੀ ਮੌਕਾ ਨਹੀਂ ਮਿਲ ਸਕਿਆ। ਪੈਨਡੈਮਿਕ ਕਾਰਨ ਪਿਛਲੇ ਤੇ ਇਸ ਸਾਲ ਦੇ ਹੁਣ ਤੱਕ ਦੇ ਸਮੇਂ ਲਈ ਕੋਈ ਕਨਵੋਕੇਸ਼ਨ ਨਹੀਂ ਹੋ ਸਕੀ ਸੀ। ਇਸ ਦੌਰਾਨ ਵਿਦਿਆਰਥੀਆਂ ਨੂੰ ਔਨ-ਲਾਇਨ ਪੜ੍ਹਾਈ ਵੀ ਕਰਨੀ ਪਈ ਤੇ ਉਹਨਾਂ ਨੂੰ ਹੋਸਟਲ ਵੀ ਛੱਡਣੇ ਪਏ। ਕਈ ਵਿਦਿਆਰਥੀਆਂ ਦੀਆਂ ਅੱਖਾਂ ਵਿੱਚ ਇਸ ਮੌਕੇ ਖੁਸ਼ੀ ਦੇ ਹੰਝੂ ਵੀ ਵੇਖੇ ਗਏ।












# ਹੁਣ ਤੁਹਾਨੂੰ 30 ਦਿਨ ਲਈ ਇੰਡੀਆ ਦਾ ਸਿੰਗਲ ਇੰਟਰੀ ਵੀਜਾ ਮਿਲ ਸਕੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਸਰਕਾਰ ਨੇ 15 ਨਵੰਬਰ ਤੋਂ ਸਾਰੇ ਵਿਦੇਸ਼ੀਆਂ ਵਾਸਤੇ ਸ਼ੌਰਟ ਟਰਮ ਟੂਰਿਸਟ ਵੀਜ਼ੇ ਦੇਣੇ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਸਿੰਗਲ ਐਂਟਰੀ ਵੀਜ਼ਾ 30 ਦਿਨਾਂ ਲਈ ਜਾਰੀ ਕੀਤਾ ਜਾਵੇਗਾ ਜਿਹੜਾ 6 ਮਹੀਨਿਆਂ ਲਈ ਵੈਲਿਡ ਰਹੇਗਾ। ਜਿਹਨਾਂ ਕੋਲ ਲੌਂਗ ਟਰਮ ਈ-ਵੀਜ਼ਾ ਜਾਂ ਟੂਰਿਸਟ ਵੀਜ਼ਾ ਹਨ, ਉਹ ਅਜੇ ਅਗਲੀ ਸੂਚਨਾ ਤੱਕ ਸਸਪੈਂਡ ਹੀ ਰੱਖੇ ਗਏ ਹਨ। ਟੂਰਿਸਟ ਵੀਜ਼ਾ ਲੈਣ ਲਈ ਸਰਕਾਰ ਦੀ ਕੋਈ ਫੀਸ ਨਹੀਂ ਹੋਵੇਗੀ ਪਰ ਬੀ.ਐਲ.ਐਸ. ਸੈਂਟਰ ਸਰਵਿਸ ਚਾਰਜਿਜ਼ ਜਾਰੀ ਰਹਿਣਗੇ। ਵੀਜ਼ਾ ਫੀਸ ਵਿੱਚ ਕੁੱਝ ਸਮੇਂ ਲਈ ਛੋਟ ਰਹੇਗੀ। ਵੀਜਾ ਅਰਜੀਆਂ ਦੀ ਸੰਖਿਆ ਜ਼ਿਆਦਾ ਹੋਣ ਕਰਕੇ ਪ੍ਰੋਸੈਸਿੰਗ ਸਮਾਂ ਇੱਕ ਮਹੀਨੇ ਦਾ ਲੱਗ ਰਿਹਾ ਦੱਸਿਆ ਗਿਆ ਹੈ। -.ਸੀ.ਆਈ. ਧਾਰਕਾਂ ਨੂੰ ਵੀ ਸ਼ੌਰਟ ਟਰਮ ਵੀਜ਼ਾ ਲੈਣਾ ਪਵੇਗਾ। ਬੀਤੇ ਦਿਨੀ ਕੈਲਗਰੀ ਆਈ ਕੌਂਸਲ ਜਨਰਲ ਔਫ਼ ਇੰਡੀਆ ਦੀ ਟੀਮ ਨੇ ਇੰਡੀਅਨ ਐਕਸ ਸਰਵਿਸਮੈਨ ਇਮਿਗ੍ਰੈਂਟ ਐਸੋਸੀਏਸ਼ਨ ਦੇ ਦਫ਼ਤਰ ਵਿੱਚ 500 ਦੇ ਕਰੀਬ ਲਾਇਫ਼ ਸਰਟੀਫੀਕੇਟ ਜਾਰੀ ਕੀਤੇ। ਟੀਮ ਦੀ ਅਗਵਾਈ ਕੌਂਸਲ, ਵਰਿੰਦਰ ਕੁਮਾਰ ਜਾਟਵ ਕਰ ਰਹੇ ਹਨ ਤੇ ਉਹਨਾਂ ਦੇ ਨਾਲ ਕੌਂਸਲ ਰਾਜਿੰਦਰ ਕੁਮਾਰ ਅਤੇ ਐਲੈਨ ਵਰਗੀਜ਼ ਮੈਥਿਊ ਵੀ ਇੱਥੇ ਆਏ ਹੋਏ ਸਨ।

# ਅਲਬਰਟਾ ਵਿੱਚ ਹੁਣ ਤਾਂ ਕਰੋਨਾ ਕੇਸ ਘਟਣ ਲੱਗ ਪਏ ਹਨ, ਐਕਟਿਵ ਕੇਸਾਂ ਦੀ ਗਿਣਤੀ 5828 ਹੈ।



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਲੰਘੇ ਵੀਕ-ਐਂਡ ਦੇ ਤਿੰਨ ਦਿਨਾਂ ਦੌਰਾਨ ਕੋਰੋਨਾ ਵਾਇਰਸ ਦੇ 1068 ਨਵੇਂ ਐਕਟਿਵ ਕੇਸ ਆਉਣ ਅਤੇ 17 ਹੋਰ ਵਿਅਕਤੀਆਂ ਦੀ ਮੌਤ ਹੋ ਜਾਣ ਦੀ ਰਿਪੋਰਟ ਹੈ। ਸ਼ੁੱਕਰਵਾਰ ਨੂੰ 429, ਸ਼ਨੀਵਾਰ ਨੂੰ 353 ਅਤੇ ਐਤਵਾਰ ਵਾਲੇ ਦਿਨ 286 ਕੇਸ ਰਿਪੋਰਟ ਕਿਤੇ ਗਏ ਹਨ। ਹਸਪਤਾਲਾਂ ਵਿੱਚ ਦਾਖ਼ਲ ਇਸ ਵਾਇਰਸ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਵਿੱਚ 35 ਦੀ ਕਮੀ ਆਈ ਹੈ ਤੇ 519 ਮਰੀਜ਼ ਹਸਪਤਾਲਾਂ ਵਿੱਚ ਰਹਿ ਗਏ ਹਨ। ਇੰਟੈਂਸਿਵ ਕੇਅਰ ਯੂਨਿਟਸ ਵਿੱਚ ਦਾਖ਼ਲ ਮਰੀਜ਼ਾਂ ਦੀ ਸੰਖਿਆ 100 ਦਰਜ ਕੀਤੀ ਗਈ ਹੈ। ਸੂਬੇ ਵਿੱਚ ਕੁੱਲ ਐਕਟਿਵ ਕੇਸ 5828 ਹੋ ਗਏ ਹਨ ਜਿਹਨਾਂ ਵਿੱਚੋਂ ਕੈਲਗਰੀ ਜ਼ੋਨ ਵਿੱਚ 1848, ਐਡਮੰਟਨ ਜ਼ੋਨ ਵਿੱਚ 1249, ਨੌਰਥ ਜ਼ੋਨ ਵਿੱਚ 1213, ਸੈਂਟਰਲ ਜ਼ੋਨ ਵਿੱਚ 991 ਅਤੇ ਸਾਊਥ ਜ਼ੋਨ ਵਿੱਚ 521 ਕੇਸ ਦਰਜ ਕੀਤੇ ਗਏ ਹਨ।

# ਰੀਮੈਂਬਰਸ ਡੇਅ ਮੌਕੇ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਸੈਨਿਕਾਂ ਨੂੰ ਸ਼ਰਧਾਜਲੀ ਦਿੱਤੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਜ਼ਾਰਾਂ ਕੈਲਗਰੀ ਨਿਵਾਸੀਆਂ ਨੇ ਰਿਮੈਂਬਰੈਂਸ ਡੇਅ ਮੌਕੇ ਰੱਖੇ ਗਏ ਵੱਖ ਵੱਖ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦਿਆਂ ਕੈਨੇਡੀਅਨ ਫੌਜੀਆਂ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਤੇ ਉਹਨਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ। ਲਾਲ ਰੰਗ ਦੀ ਪੌਪੀ, ਛਾਤੀ 'ਤੇ ਸਜਾਏ ਇਹਨਾਂ ਲੋਕਾਂ ਨੇ ਸਿਰ ਝੁਕਾ ਕੇ ਸ਼ਹੀਦਾਂ ਨੂੰ ਯਾਦ ਕੀਤਾ ਤੇ ਵੱਖ ਵੱਖ ਮੌਕਿਆਂ 'ਤੇ ਜ਼ਖ਼ਮੀ ਹੋਏ ਫੌਜੀਆਂ ਲਈ ਸਿਜਦਾ ਕੀਤਾ। ਫੀਲਡ ਔਫ਼ ਕ੍ਰੌਸਿਜ਼ 'ਤੇ ਸੈਂਕੜੇ ਲੋਕਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਮਿਲਟਰੀ ਮਿਊਜ਼ੀਅਮ ਦੇ ਨਾਲ ਨਾਲ ਹੈਂਗਰ ਫ਼ਲਾਇਟ ਮਿਊਜ਼ੀਅਮ ਅਤੇ ਚੈਸਟਰਮੀਅਰ, ਏਅਰਡਰੀ ਅਤੇ ?ਕੋਟੋਕਸ ਵਿੱਚ ਵੀ ਮੈਮੋਰੀਅਲ ਪ੍ਰੋਗਰਾਮ ਰੱਖੇ ਗਏ। ਸੈਨੋਟੈਫ਼ 'ਤੇ ਫੁੱਲ ਚੜ੍ਹਾਉਣ ਵਾਲਿਆਂ ਵਿੱਚ ਕੈਲਗਰੀ ਮੇਅਰ ਡਾ. ਜੋਤੀ ਗੌਂਡੇਕ ਅਤੇ ਪ੍ਰੀਮੀਅਰ ਜੇਸਨ ਕੈਨੀ ਵੀ ਸ਼ਾਮਿਲ ਸਨ। ਸਾਬਕ ਫੌਜੀ, ਸ਼ਹੀਦ ਫੌਜੀਆਂ ਦੇ ਪਰਿਵਾਰ ਵਾਲੇ ਵੀ ਇਸ ਮੌਕੇ ਹਾਜ਼ਰ ਸਨ।

ਵਰਨਣਯੋਗ ਹੈ ਕਿ ਪਹਿਲੀ ਸੰਸਾਰ ਜੰਗ ਤੋਂ ਲੈ ਕੇ ਹੁਣ ਤੱਕ, ਆਪੋ ਆਪਣੇ ਦੇਸ਼ਾਂ ਦੀ ਸਰਹੱਦਾਂ ਦੀ ਰਾਖੀ ਕਰਦਿਆਂ ਅਤੇ ਫੌਜੀ ਮਿਸ਼ਨਾਂ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਫੌਜੀਆਂ ਦੀ ਯਾਦ ਵਿੱਚ ਇਹ ਦਿਨ ਮਨਾਇਆ ਜਾਂਦਾ ਹੈ। ਇਸ ਰੀਤ ਨੂੰ ਇੰਗਲੈਂਡ ਦੇ ਉਸ ਵੇਲੇ ਦੇ ਸ਼ਾਸਕ ਕਿੰਗ ਜੌਰਜ-ਪੰਚਮ ਵੱਲੋਂ ਸ਼ੁਰੂ ਕੀਤਾ ਗਿਆ ਸੀ। ਕਈ ਨੌਨ-ਕੌਮਨਵੈਲਥ ਦੇਸ਼ਾਂ ਵਿੱਚ ਇਹ ਦਿਨ ਵੌਰ ਮੈਮੋਰੀਅਲ ਡੇਅ ਵਜੋਂ ਮਨਾਇਆ ਜਾਂਦਾ ਹੈ। ਸਾਲ 1918 ਵਿੱਚ 11 ਨਵੰਬਰ ਵਾਲੇ ਦਿਨ 11 ਵਜੇ ਪਹਿਲੀ ਸੰਸਾਰ ਜੰਗ ਖ਼ਤਮ ਕੀਤੀ ਗਈ ਸੀ। ਉਸੇ ਦਿਨ ਸਵੇਰੇ 5 ਵਜ ਕੇ 12 ਮਿੰਟ ਤੋਂ ਲੈ ਕੇ 5 ਵਜ ਕੇ 20 ਮਿੰਟ ਦਰਮਿਆਨ ਜਰਮਨੀ ਅਤੇ ਬਾਕੀ ਦੇਸ਼ਾਂ ਦੇ ਐਲਾਇੰਸ ਨੇ ਜੰਗ ਬੰਦੀ 'ਤੇ ਹਸਤਾਖਰ ਕੀਤੇ ਸਨ। ਰਸਮੀ ਤੌਰ 'ਤੇ ਪਹਿਲੀ ਸੰਸਰ ਜੰਗ ਵਰਸੇਲੀਜ਼ ਦੀ ਸੰਧੀ 'ਤੇ ਹਸਤਾਖਰ ਹੋਣ ਨਾਲ 28 ਜੂਨ 1919 ਨੂੰ ਖ਼ਤਮ ਹੋਈ ਸੀ। ਮੈਨਿਟੋਬਾ, ਕਿਊਬੈਕ ਅਤੇ ?ਟੈਰੀ? ਵਿੱਚ ਅੱਜ ਸਰਕਾਰੀ ਛੁੱਟੀ ਨਹੀਂ ਹੈ। ਪਰ ਬਾਕੀ ਦੇਸ਼ ਵਿੱਚ ਸ਼ਹੀਦ ਫੌਜੀਆਂ ਨੂੰ ਅੱਜ ਯਾਦ ਕੀਤਾ ਜਾ ਰਿਹਾ ਹੈ। ਗਿਆਰਾਂ ਵਜੇ ਸ਼ਾਂਤੀ ਦਾ ਬਿਗਲ 'ਲਾਸਟ ਪੋਸਟ' ਵਜਾਇਆ ਜਾਂਦਾ ਹੈ। ਇਸੇ ਸਮੇਂ ਤੋਪਾਂ ਦੀ ਸਲਾਮੀ ਵੀ ਦਿੱਤੀ ਜਾਂਦੀ ਹੈ। ਕੈਲਗਰੀ ਵਿਖੇ ਪੰਜਾਬੀ ਭਾਈਚਾਰੇ ਦੀ ਨਾਮਵਰ ਸੰਸਥਾ ਇੰਡੋ ਕਨੇਡੀਅਨ ਕਮਿਓਨਿਟੀ ਐਸੋਸੀਏਸ਼ਨ ਵੱਲੋਂ ਵੀ ਇਸ ਦਿਨ ਨੂੰ ਬੜੇ ਪ੍ਰਭਾਵਸਾਲੀ ਢੰਗ ਨਾਲ ਮਨਾਇਆ ਗਿਆ।

# ਕੈਲਗਰੀ ਸ਼ਹਿਰ ਅੰਦਰ ਵਾਤਾਵਰਣ ਐਮਰਜੰਸੀ ਲਾਗੂ ਕਰਨ ਸਬੰਧੀ ਕੌਂਸਲ ਇੱਕ ਜੁੱਟ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਿਟੀ ਕੌਂਸਲ ਨੇ ਬਹੁਮਤ ਨਾਲ ਫੈਸਲਾ ਲੈਂਦਿਆਂ ਸ਼ਹਿਰ ਵਿੱਚ ਵਾਤਾਵਰਣ ਐਮਰਜੰਸੀ ਲਾਗੂ ਕਰਨ ਵਾਸਤੇ ਰਸਤਾ ਪੱਧਰਾ ਕਰ ਦਿੱਤਾ ਹੈ। ਕੌਂਸਲਰ ਸ਼ੌਨ ਚੂ ਅਤੇ ਡੈਨ ਮੈਕਲੀਨ ਨੇ ਇਸ ਦੇ ਵਿਰੋਧ ਵਿੱਚ ਵੋਟ ਪਾਈ ਜਦੋਂ ਕਿ 13 ਕੌਂਸਲਰਾਂ ਨੇ ਵਾਤਾਵਰਣ ਐਮਰਜੰਸੀ ਦੇ ਹੱਕ ਵਿੱਚ ਵੋਟ ਕੀਤੀ। ਵੋਟਿੰਗ ਤੋਂ ਪਹਿਲਾਂ ਇਸ ਮਸਲੇ ਉੱਪਰ ਘੰਟਿਆਂ ਬੱਧੀ ਚਰਚਾ ਹੋਈ ਤੇ ਕਈ ਨੂੰ 'ਐਮਰਜੰਸੀ' ਸ਼ਬਦ ਉੱਤੇ ਇਤਰਾਜ਼ ਸੀ। ਇਸ ਤੋਂ ਪਹਿਲਾਂ ਮੇਅਰ ਡਾ. ਜੋਤੀ ਗੌਂਡੇਕ, ਕੌਂਸਲਰਾਂ ਅਤੇ ਐਨਰਜੀ ਸੈਕਟਰ ਦੇ ਲੀਡਰਾਂ ਦੀ ਬ੍ਰੇਕਫਾਸਟ ਮੀਟਿੰਗ ਵੀ ਹੋਈ। ਮੇਅਰ ਗੌਂਡੇਕ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਵੀ ਰਲ਼ ਕੇ ਕੰਮ ਕਰਨ 'ਤੇ ਸਹਿਮਤੀ ਬਣਾਈ ਗਈ। ਬ੍ਰੇਕਫਾਸਟ ਮੀਟਿੰਗ ਵਿੱਚ ਸਨਕੋਰ, ਐਨਬ੍ਰਿਜ, ਸ਼ੈੱਲ, ਟੀ.ਸੀ. ਐਨਰਜੀ, ਇੰਪੀਰੀਅਲ, ਐਵਾਟਾਰ ਮੋਸ਼ਨਜ਼ ਐਂਡ ਕੈਪ ਰਿਜ਼ੋਰਸਿਜ਼ ਤੇ ਕਈ ਹੋਰ ਕੰਪਨੀਆਂ ਦੇ ਆਗੂ ਸ਼ਾਮਿਲ ਸਨ।

# ਘਰ ਅੰਦਰ ਵੜਕੇ ਚੋਰੀ ਕਰਨ ਵਾਲੇ ਦੋ ਸ਼ੱਕੀਆਂ ਨੂੰ ਕੈਲਗਰੀ ਪੁਲਿਸ ਲੱਭ ਰਹੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨੌਰਥ ਵੈਸਟ ਕੈਲਗਰੀ ਦੀ ਐਜਮੌਂਟ ਕਮਿਊਨਿਟੀ ਵਿੱਚ ਅਗਸਤ ਮਹੀਨੇ ਦੌਰਾਨ ਹੋਈ ਬ੍ਰੇਕ ਐਂਡ ਐਂਟਰ ਦੀ ਵਾਰਦਾਤ ਵਿੱਚ ਸਾਢੇ 3 ਲੱਖ ਡਾਲਰਾਂ ਕੀਮਤ ਦੇ ਸਮਾਨ ਦੀ ਚੋਰੀ ਕਰ ਲੈਣ ਦੇ ਮਾਮਲੇ ਵਿੱਚ ਕੈਲਗਰੀ ਪੁਲਿਸ ਵੱਲੋਂ ਦੋ ਸ਼ੱਕੀਆਂ ਦੀ ਭਾਲ ਵਿੱਚ ਕੈਲਗਰੀ ਨਿਵਾਸੀਆਂ ਦਾ ਸਹਿਯੋਗ ਮੰਗਿਆ ਜਾ ਰਿਹਾ ਹੈ। ਇਹ ਵਾਰਦਾਤ ਐਜਵਿਊ ਪਲੇਸ ਨੌਰਥ ਵੈਸਟ ਦੇ 200 ਬਲੌਕ ਵਿਚਲੇ ਇੱਕ ਘਰ ਵਿੱਚ ਸਵੇਰੇ 6 ਤੋਂ 7 ਵਜੇ ਦੇ ਦਰਮਿਆਨ ਅੰਜਾਮ ਦਿੱਤੀ ਗਈ ਸੀ। ਘਰ ਵਿੱਚ ਕੋਈ ਨਹੀਂ ਸੀ ਤੇ ਇਹ ਦੋਵੇਂ ਸ਼ੱਕੀ ਜ਼ਬਰਦਸਤੀ ਅੰਦਰ ਵੜੇ ਤੇ ਡਿਜ਼ਾਇਨਟ ਬੈਗਜ਼, ਜਿਊਲਰੀ, ਬੈਂਕ ਕਾਰਡ, ਪਰਸਨਲ ਆਇਡੈਂਟਿਫਿਕੇਸ਼ਨ ਦਸਤਾਵੇਜ਼ ਆਦਿ ਲੈ ਉਡੇ। ਇਹਨਾਂ ਸਭ ਦੀ ਕੀਮਤ ਸਾਢੇ 3 ਲੱਖ ਡਾਲਰ ਦੇ ਕਰੀਬ ਬਣਦੀ ਦੱਸੀ ਗਈ ਹੈ। ਸੀ.ਸੀ.ਟੀ.ਵੀ. ਤੋਂ ਹਾਸਲ ਜਾਣਕਾਰੀ ਵੈਬਸਾਇਟ 'ਤੇ ਪਾਈ ਗਈ ਹੈ ਤੇ ਪੁਲਿਸ ਨੇ ਲੋਕਾਂ ਤੋਂ ਇਹਨਾਂ ਸ਼ੱਕੀ ਲੁਟੇਰਿਆਂ ਬਾਰੇ ਸੂਚਨਾ ਲਈ ਸਹਿਯੋਗ ਮੰਗਿਆ ਹੈ।



# ਅਲਬਰਟਾ ਪ੍ਰੀਮੀਅਰ ਜੈਸਨ ਕੈਨੀ ਖਿਲ਼ਾਫ ਬਗਾਵਤੀ ਸੁਰਾਂ ਹੋਰ ਤਿੱਖੀਆਂ ਹੋਣ ਲੱਗੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਆਉਂਦੇ ਵੀਕ-ਐਂਡ 'ਤੇ ਯੂਨਾਇਟਿਡ ਕੰਜ਼ਰਵੇਟਿਵ ਪਾਰਟੀ ਦੀ ਹੋ ਰਹੀ ਸਾਲਾਨਾ ਜਨਰਲ ਮੀਟਿੰਗ ਤੋਂ ਪਹਿਲਾਂ ਪਾਰਟੀ ਦੀਆਂ ਇੱਕ ਤਿਹਾਈ ਤੋਂ ਵੱਧ ਰਾਇਡਿੰਗ ਐਸੋਸਿਏਸ਼ਨਾਂ ਨੇ ਪਾਰਟੀ ਲੀਡਰਸ਼ਿਪ ਰਿਵਿਊ ਕਰਵਾਉਣ ਦੀ ਮੰਗ ਰੱਖ ਦਿੱਤੀ ਹੈ। ਇਹਨਾਂ ਐਸੋਸੀਏਸ਼ਨਾਂ ਨੇ ਪਾਰਟੀ ਪ੍ਰੈਜ਼ਿਡੈਂਟ ਰਾਇਨ ਬੈਂਕਰ ਨੂੰ ਭੇਜੀ ਚਿੱਠੀ ਵਿੱਚ ਕਿਹਾ ਹੈ ਕਿ ਪਹਿਲੀ ਮਾਰਚ ਤੋਂ ਪਹਿਲਾਂ-ਪਹਿਲਾਂ ਸਪੈਸ਼ਲ ਜਨਰਲ ਮੀਟਿੰਗ ਸੱਦ ਕੇ ਲੀਡਰਸ਼ਿਪ ਰਿਵਿਊ ਕਰਵਾਇਆ ਜਾਣਾ ਚਾਹੀਦਾ ਹੈ। ਪਾਰਟੀ ਬਾਇ-ਲੌਅ ਮੁਤਾਬਕ ਇੱਕ ਤਿਹਾਈ ਰਾਇਡਿੰਗ ਅਸੋਸੀਏਸ਼ਨਾਂ ਦੇ ਕਹਿਣ 'ਤੇ ਲੀਡਰਸ਼ਿਪ ਰਿਵਿਊ ਕਰਵਾਇਆ ਜਾ ਸਕਦਾ ਹੈ ਤੇ 22 ਰਾਇਡਿੰਗਾਂ ਨਾਲ ਇਹ ਗਿਣਤੀ 36% ਬਣ ਜਾਂਦੀ ਹੈ। ਇਹਨਾਂ 22 ਰਾਇਡਿੰਗਾਂ ਵਿੱਚ ਕੈਲਗਰੀ ਨੌਰਥ ਈਸਟ ਰਾਇਡਿੰਗ ਐਸੋਸੀਏਸ਼ਨ ਵੀ ਸ਼ਾਮਿਲ ਹੈ। ਇਸ ਮਗਰੋਂ ਜੇਸਨ ਕੈਨੀ ਦਾ ਪਾਰਟੀ ਅੰਦਰ ਵਿਰੋਧ ਹੋਰ ਤਿੱਖਾ ਹੋਣ ਦੀ ਸੰਭਾਵਨਾ ਬਣਦੀ ਜਾ ਰਹੀ ਹੈ।

# ਕੈਲਗਰੀ ਵਿੱਚ ਮਾਸਕ ਪਾਕੇ ਰੱਖਣ ਦੀ ਆਖਰੀ ਮਿਤੀ ਬਾਰੇ ਹਾਲੇ ਕੋਈ ਫੈਸਲਾ ਨਹੀਂ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਸਾਰੀਆਂ ਇਨਡੋਰ ਫੈਸਿਲਿਟੀਜ਼ ਅਤੇ ਵਪਾਰਕ ਅਦਾਰਿਆਂ ਵਿੱਚ ਮਾਸਕ ਪਾ ਕੇ ਰੱਖਣਾ ਲਾਜ਼ਿਮ ਕੀਤੇ ਜਾਣ ਸੰਬੰਧੀ ਲਾਗੂ ਬਾਇ-ਲੌਅ ਨੂੰ ਖ਼ਤਮ ਕੀਤੇ ਜਾਣ ਬਾਰੇ ਕੋਈ ਮਿਤੀ ਨਿਰਧਾਰਿਤ ਨਹੀਂ ਕੀਤੀ ਗਈ ਹੈ। ਪਹਿਲਾਂ ਇਸ ਸੰਬੰਧੀ ਫੈਸਲਾ ਲਿਆ ਗਿਆ ਸੀ ਜਦੋਂ ਲਗਾਤਾਰ 4 ਹਫ਼ਤੇ ਤੱਕ ਸਿਟੀ ਵਿੱਚ ਕੋਰੋਨਾ ਵਾਇਰਸ ਦੇ ਕੇਸਾਂ ਦੀ ਸੰਖਿਆ 100 ਕੇਸ ਪ੍ਰਤੀ ਇੱਕ ਲੱਖ ਵਿਅਕਤੀ ਤੋਂ ਘੱਟ ਰਹੇਗੀ ਤਾਂ ਇਹ ਬਾਇ-ਲੌਅ ਹਟਾਇਆ ਜਾ ਸਕਦਾ ਸੀ ਜਾਂ ਇਸ ਨੂੰ ਇਸ ਸਾਲ ਦੇ ਅੰਤ ਤੱਕ ਜਾਰੀ ਰੱਖਿਆ ਜਾ ਸਕਦਾ ਸੀ। ਹੁਣ ਸਿਟੀ ਕੌਂਸਲ ਨੇ ਵੋਟਿੰਗ ਕਰਕੇ ਇਸ ਫੈਸਲੇ ਨੂੰ ਤਬਦੀਲ ਕਰ ਦਿੱਤਾ ਹੈ। ਕੌਂਸਲਰ ਟੈਰੀ ਵੌਂਗ ਵੱਲੋਂ ਤਜਵੀਜ਼ਸ਼ੁਦਾ ਤਬਦੀਲੀ ਨੂੰ 11-4 ਦੇ ਫ਼ਰਕ ਨਾਲ ਪਾਸ ਕਰ ਦਿੱਤਾ ਗਿਆ ਹੈ। ਵਿਰੋਧ ਵਿੱਚ ਪਈਆਂ 4 ਵੋਟਾਂ ਕੌਂਸਲਰਾਂ - ਸ਼ੌਨ ਚੂ, ਡੈਨ ਮੈਕਲੀਨ, ਪੀਟਰ ਡਿਮੌਂਗ ਅਤੇ ਸੋਨਿਆ ਸ਼ਾਰਪ ਦੀਆਂ ਸਨ। ਇਸ ਨਵੇਂ ਬਾਇ-ਲੌਅ ਤਹਿਤ ਹੁਣ ਇਸ ਨਿਯਮ ਨੂੰ ਸਿਟੀ ਕੌਂਸਲ ਹੀ ਹਟਾਵੇਗੀ। ਵੈਕਸਿਨ ਪਾਸਪੋਰਟ ਦੇ ਸੰਬੰਧ ਵਿੱਚ ਨਿਯਮ ਵੀ ਸੂਬਾ ਸਰਕਾਰ ਨਾਲ ਮੇਲ ਖਾਂਦਾ ਬਣਾਇਆ ਗਿਆ ਹੈ ਤੇ ਕਿਊ.ਆਰ. ਕੋਡ ਦੀ ਜਾਂਚ ਹੁਣ ਕਿਸੇ ਅਦਾਰੇ ਦੀ ਐਂਟਰੀ 'ਤੇ ਨਹੀਂ ਸਗੋਂ ਕਾਊਂਟਰ ਜਾਂ ਟੇਬਲ 'ਤੇ ਹੋ ਸਕੇਗੀ।



















# ਇੰਡਸਟਰੀ, ਮਾਹਿਰਾਂ ਅਤੇ ਵਿਗਿਆਨੀਆਂ ਨਾਲ ਗੱਲਬਾਤ ਮਗਰੋਂ ਕੈਪ ਲਗਾਉਣ 'ਤੇ ਵਿਚਾਰ ਕਰੇਗੀ-ਜਸਟਿਨ ਟਰੂਡੋ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਹੈ ਕਿ ਔਇਲ ਐਂਡ ਗੈਸ ਸੈਕਟਰ ਦੇ ਗੈਸ ਐਮਿਸ਼ਨਜ਼ 'ਤੇ ਕੈਪ ਲਗਾਉਣ ਦੇ ਮਾਮਲੇ 'ਤੇ ਫੈਡਰਲ ਸਰਕਾਰ ਨੂੰ ਚਾਹੀਦਾ ਹੈ ਕਿ ਸੂਬਾ ਸਰਕਾਰ ਨਾਲ ਪਹਿਲਾਂ ਗੱਲਬਾਤ ਕਰੇ ਤੇ ਫਿਰ ਹੀ ਇਸ ਬਾਰੇ ਕੋਈ ਫੈਸਲਾ ਲਵੇ। ਜੇਸਨ ਕੈਨੀ ਨੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੂੰ ਇਹ ਗੱਲ ਰਾਜਧਾਨੀ ਐਡਮੰਟਨ ਵਿੱਚ ਉਹਨਾਂ ਨਾਲ ਹੋਈ ਮੁਲਾਕਾਤ ਦੌਰਾਨ ਕਹੀ ਦੱਸੀ ਜਾਂਦੀ ਹੈ। ਸਾਂਝੀ ਪ੍ਰੈਸ ਕੌਨਫਰੰਸ ਦੌਰਾਨ ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਵਿੱਚ ਪ੍ਰਾਇਮ ਮਨਿਸਟਰ ਟਰੂਡੋ ਨੇ ਕਿਹਾ ਕਿ ਇੰਡਸਟਰੀ, ਮਾਹਿਰਾਂ ਅਤੇ ਵਿਗਿਆਨੀਆਂ ਨਾਲ ਗੱਲਬਾਤ ਮਗਰੋਂ ਕੈਪ ਲਗਾਉਣ 'ਤੇ ਵਿਚਾਰ ਕਰੇਗੀ ਤਾਂ ਪ੍ਰੀਮੀਅਰ ਕੈਨੀ ਨੇ ਕਿਹਾ ਕਿ ਸਰਕਾਰ ਨਾਲ ਵੀ ਗੱਲਬਾਤ ਕਰਨੀ ਚਾਹੀਦੀ ਹੈ।

## ਕੋਵਿਡ-19 ਵਾਇਰਸ ਦੇ ਸ਼ਿਕਾਰ ਹੋਣ ਵਾਲੇ ਅਤੇ ਉਸ ਦੇ ਨਕਾਰਾਤਮਕ ਅਸਰਾਂ ਨਾਲ ਪ੍ਰਭਾਵਿਤ ਰਹਿਣ ਵਾਲਿਆਂ ਲਈ ਵਾਧੂ ਸਹਾਇਤਾ ਦਿੱਤੇ ਜਾਣ ਦੀ ਲੋੜ- ਰੇਚੈਲ ਨੌਟਲੀ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਨਡੀਪੀ ਲੀਡਰ ਅਤੇ ਐਲਬਰਟਾ ਦੀ ਸਾਬਕਾ ਪ੍ਰੀਮੀਅਰ ਰੇਚੈਲ ਨੌਟਲੀ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੋਵਿਡ-19 ਵਾਇਰਸ ਦੇ ਸ਼ਿਕਾਰ ਹੋਣ ਵਾਲੇ ਅਤੇ ਉਸ ਦੇ ਨਕਾਰਾਤਮਕ ਅਸਰਾਂ ਤੋਂ ਲੰਬੇ ਸਮੇਂ ਤੱਕ ਤੱਕ ਪ੍ਰਭਾਵਿਤ ਰਹਿਣ ਵਾਲੇ ਸੂਬਾ ਵਾਸੀਆਂ ਲਈ ਵਾਧੂ ਸਹਾਇਤਾ ਦਿੱਤੇ ਜਾਣ ਦੀ ਲੋੜ ਹੈ। ਉਹਨਾਂ ਕਿਹਾ ਹੈ ਕਿ ਇਸ ਕੰਮ ਵਾਸਤੇ ਇੱਕ ਟਾਸਕ ਫੋਰਸ ਬਣਾ ਕੇ ਇਸ ਸਮੱਸਿਆ ਦੀ ਜਾਣਕਾਰੀ ਇਕੱਠੀ ਕਰਨ ਤੇ ਪ੍ਰਭਾਵਿਤ ਲੋਕਾਂ ਨੂੰ ਡਿਜ਼ੇਬਿਲਿਟੀ ਸੱਪੋਰਟ ਦੇਣ ਦਾ ਬੰਦੋਬਸਤ ਕੀਤਾ ਜਾਣਾ ਚਾਹੀਦਾ ਹੈ। ਮਾਰਚ 2020 ਦੌਰਾਨ ਅਮੈਰਿਕਾ ਦੀ ਯਾਤਰਾ ਸਮੇਂ ਸਟੇਸੀ ਰੌਬਿੰਜ਼ ਅਤੇ ਉਸ ਦੀ ਮਾਂ ਨੂੰ ਇਸ ਵਾਇਰਸ ਨੇ ਘੇਰ ਲਿਆ ਸੀ ਪਰ ਉਹ ਅੱਜ ਤੱਕ ਵਾਇਰਸ ਤੋਂ ਮੁਕਤ ਨਹੀਂ ਹੋ ਸਕੀ ਹੈ। ਉਸ ਨੂੰ ਸਰੀਰਕ ਥਕਾਵਟ, ਸਾਹ ਲੈਣ ਵਿੱਚ ਦਿੱਕਤਾਂ, ਹੱਥ ਕੰਬਣਾ, ਲੱਤਾਂ ਦੇ ਦਰਦ, ਬ੍ਰੇਨ ਫੌਗ ਅਤੇ ਮਾਇਗ੍ਰੇਨ ਆਦਿ ਨੇ ਘੇਰ ਲਿਆ ਹੈ ਤੇ ਉਸ ਨੂੰ ਕੰਮ ਤੋਂ ਫਾਰਗ ਹੋਣਾ ਪੈ ਗਿਆ ਹੈ। ਦੋਵੇਂ ਮਾਂਵਾਂ-ਧੀਆਂ ਇਸ ਵਾਇਰਸ ਦੇ ਲੱਛਣਾਂ ਤੋਂ ਮੁਕਤ ਨਹੀਂ ਹੋ ਸਕੀਆਂ ਹਨ ਤੇ ਉਹਨਾਂ ਨੂੰ ਕੋਈ ਵੀ ਸਰਕਾਰੀ ਰਾਹਤ ਨਹੀਂ ਮਿਲ ਰਹੀ ਹੈ। ਰੇਚੈਲ ਨੌਟਲੀ ਨੇ ਮੰਗ ਕੀਤੀ ਹੈ ਕਿ ਅਜਿਹੇ ਹੋਰ ਵੀ ਸੈਂਕੜੇ ਮਾਮਲੇ ਹਨ ਜਿਹਨਾਂ ਦੀ ਪਛਾਣ ਕਰਕੇ ਉਹਨਾਂ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ। ਕਈ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਮਾਮਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ।

# ਕੈਲਗਰੀ ਦੇ ਨੇੜੇ ਐਮਾਜ਼ੋਨ ਦੀ ਕਲਾਊਡ-ਕੰਪਿਊਟਿੰਗ ਸਰਵਰ ਹੱਬ ਬਣੇਗੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੱਡੀ ਅੰਤਰਰਾਸ਼ਟਰੀ ਟੈੱਕ ਕੰਪਨੀ ਐਮੇਜ਼ੌਨ ਨੇ ਕੈਨੇਡਾ ਵਿੱਚ ਆਪਣੀ ਦੂਸਰੀ ਕਲਾਊਡ-ਕੰਪਿਊਟਿੰਗ ਸਰਵਰ ਹੱਬ ਬਣਾਉਣ ਵਾਸਤੇ ਐਲਬਰਟਾ ਦੀ ਚੋਣ ਕੀਤੀ ਹੈ। ਕੈਲਗਰੀ ਦੇ ਨੇੜੇ ਇਸ ਹੱਬ ਨੂੰ ਬਣਾਏ ਜਾਣ ਦਾ ਐਲਾਨ ਕੀਤਾ ਗਿਆ ਹੈ। ਪਹਿਲੀ ਹੱਬ ਮੌਂਟਰੀਆਲ ਵਿੱਚ ਬਣਾਈ ਗਈ ਸੀ। ਐਮੇਜ਼ੌਨ ਵੈੱਬ ਸਰਵਿਸਿਜ਼ ਦੇ ਮੁਖੀ ਐਰਿਕ ਗੇਲਜ਼ ਦਾ ਕਹਿਣਾ ਹੈ ਕਿ ਇਹ ਹੱਬ ਸਾਲ 2023 ਦੇ ਅਖੀਰ ਤੱਕ ਚਾਲੂ ਹੋ ਜਾਵੇਗੀ। ਉਹਨਾਂ ਇਹ ਨਹੀਂ ਦੱਸਿਆ ਕਿ ਇਸ ਨਵੇਂ ਸਰਵਰ ਕਲਸਟਰ ਵਿੱਚ ਸਿੱਧੇ ਤੌਰ 'ਤੇ ਕਿੰਨੇ ਕਰਮਚਾਰੀ ਤੈਨਾਤ ਹੋਣਗੇ ਪਰ ਕਿਹਾ ਕਿ ਸਾਲ 2037 ਤੱਕ 950 ਡਾਇਰੈਕਟ ਅਤੇ ਇਨ-ਡਾਇਰੈਕਟ ਨੌਕਰੀਆਂ ਪੈਦਾ ਹੋਣਗੀਆਂ। ਇਸ ਨਵੇਂ ਸੈਂਟਰ ਲਈ ਭਰਤੀਆਂ ਜਲਦ ਸ਼ੁਰੂ ਹੋਣ ਦੀ ਸੰਭਾਵਨਾ ਹੈ। ਐਮੇਜ਼ੌਨ ਵੈੱਬ ਸਰਵਿਸਿਜ਼ ਵੱਲੋਂ ਸਾਲ 2027 ਤੱਕ ਇਸ ਵਿੱਚ 21 ਬਿਲੀਅਨ ਡੌਲਰਜ਼ ਦਾ ਨਿਵੇਸ਼ ਕੀਤਾ ਜਾਣਾ ਹੈ ਤੇ ਸਾਲ 2037 ਤੱਕ ਐਮੇਜ਼ੌਨ ਵੱਲੋਂ 4.3 ਬਿਲੀਅਨ ਡੌਲਰਜ਼ ਦੀ ਇਨਵੈਸਟਮੈਂਟ ਕੀਤੀ ਜਾਣੀ ਹੈ।

## ਪੰਜਾਬ ਵਿੱਚ ਝੋਨੇ ਦੀ ਫਸਲ ਦੀ ਵਿਕੀ ਹੋਈ ਫਸਲ ਦੀ ਅਦਾਇਗੀ ਰੁਕੀ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਸੂਬੇ ਪੰਜਾਬ ਦੀ ਸਰਕਾਰ ਨੇ ਸੂਬੇ ਦੇ ਕਰੀਬ 70 ਹਜ਼ਾਰ ਕਿਸਾਨਾਂ ਦੀ ਝੋਨੇ ਦੀ ਵਿਕੀ ਹੋਈ ਫ਼ਸਲ ਦੀ ਅਦਾਇਗੀ ਰੋਕ ਦਿੱਤੀ ਹੈ। ਇਹ ਉਹ ਕਿਸਾਨ ਹਨ, ਜਿਨ੍ਹਾਂ ਦੇ ਜ਼ਮੀਨੀ ਰਿਕਾਰਡ ਦੀ ਮੈਪਿੰਗ ਸ਼ੱਕੀ ਮਿਲੀ ਹੈ। ਇਸ ਵਾਰ ਝੋਨੇ ਦੀ ਫ਼ਸਲ ਦੀ ਵਿਕਰੀ ਤੋਂ ਪਹਿਲਾਂ ਆੜ੍ਹਤੀਆਂ ਰਾਹੀਂ 11.30 ਲੱਖ ਕਿਸਾਨਾਂ ਦਾ ਜ਼ਮੀਨੀ ਰਿਕਾਰਡ ਸਰਕਾਰੀ ਰਿਕਾਰਡ ਨਾਲ ਜੋੜਿਆ ਗਿਆ ਸੀ, ਜਿਨ੍ਹਾਂ 'ਚੋਂ 70 ਹਜ਼ਾਰ ਐਂਟਰੀਆਂ 'ਤੇ ਸ਼ੱਕ ਖੜ੍ਹੇ ਹੋਏ ਹਨ।

## ਸਿਰਫ 450 ਡਾਲਰ ਖਾਤਰ ਹੀ ਆਪਣੇ ਸਾਥੀ ਦਾ ਕਤਲ ਕਰ ਦਿੱਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇਕ ਵਿਅਕਤੀ ਨੇ ਅਦਾਲਤ ਵਿੱਚ ਸਵੀਕਾਰ ਕੀਤਾ ਹੈ ਕਿ ਉਸ ਨੇ 450 ਡਾਲਰ ਕੀਮਤ ਦੇ ਨਸ਼ੀਲੇ ਪਦਾਰਥ ਪਿੱਛੇ ਆਪਣੇ ਹੀ ਰੂਮ-ਮੇਟ ਦਾ ਕਤਲ ਕਰ ਦਿੱਤਾ ਸੀ। 34 ਸਾਲਾ ਐਲਨ ਮੈਕੇਬ ਨੇ 58 ਸਾਲਾ ਮਹਿਮੂਦ ਅਬੂ-ਰਾਸ਼ਿਦ ਨਾਮ ਦੇ ਵਿਅਕਤੀ ਦੇ ਕਤਲ ਦਾ ਗੁਨਾਹ ਕਬੂਲ ਕਰ ਲਿਆ ਹੈ। ਅਬੂ-ਰਾਸ਼ਿਦ ਡਰੱਗ ਡੀਲਰ ਸੀ ਤੇ ਦੋਵੇਂ ਨੌਰਥ ਈਸਟ ਦੇ ਇੱਕ ਘਰ ਵਿੱਚ ਰਹਿੰਦੇ ਸਨ। ਅਬੂ-ਰਾਸ਼ਿਦ ਨੇ ਪੈਸੇ ਮੰਗੇ ਤੇ ਨਾ ਦੇਣ ਦੀ ਸੂਰਤ ਵਿੱਚ ਘਰੋਂ ਨਿਕਲ ਜਾਣ ਲਈ ਕਹਿ ਦਿੱਤਾ। ਇਸੇ ਦੌਰਾਨ ਉਹਨਾਂ ਵਿਚਕਾਰ ਹੋਈ ਤਲਖੀ ਹਿੰਸਕ ਹੋ ਗਈ ਤੇ ਮੈਕੇਬ ਨੇ ਕ੍ਰੋਅ-ਬਾਰ ਮਾਰ ਕੇ-ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਤੇ ਮਗਰੋਂ ਉਸ ਦਾ ਸਾਹ ਘੁੱਟ ਦਿੱਤਾ। ਉਸ ਨੂੰ ਡਕਟ ਟੇਪ ਨਾਲ ਬੰਨ ਕੇ ਚਲਿਆ ਗਿਆ। ਫੇਰ ਉਸ ਨੇ ਇਹ ਗੱਲ ਆਪਣੇ ਦੋਸਤਾਂ ਤੇ ਪਤਨੀ ਨੂੰ ਵੀ ਦੱਸ ਦਿੱਤੀ। ਸੈਕਿੰਡ ਡਿਗਰੀ ਮਰਡਰ ਦਾ ਦੋਸ਼ ਕਬੂਲ ਕਰ ਲੈਣ ਮਗਰੋਂ ਹੁਣ ਉਸ ਨੂੰ 15 ਤੋਂ 25 ਸਾਲ ਤੱਕ ਪੈਰੋਲ ਨਾ ਮਿਲਣ ਦੇ ਨਾਲ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

## ਨਿਊਜ਼ੀਲੈਂਡ ਅਤੇ ਆਸਟਰੇਲੀਆ ਤੋਂ ਆਉਣ ਵਾਲੇ ਵਰਕਰਾਂ ਦੇ ਨਾ ਆਉਣ ਕਾਰਨ ਵਿੰਟਰ ਰਿਜ਼ੋਰਟ ਪ੍ਰਭਾਵਿਤ ਹੋਣ ਲੱਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕਈ ਥਾਂਈਂ ਸਕੀਇੰਗ ਅਤੇ ਬੋਰਡਿੰਗ ਦਾ ਕੰਮ ਸ਼ੁਰੂ ਹੋ ਗਿਆ ਹੈ ਤੇ ਇਹਨਾਂ ਰਿਜ਼ੌਰਟਸ 'ਤੇ ਕਰਮਚਾਰੀਆਂ ਦੀ ਭਾਰੀ ਕਮੀ ਦੇਖੀ ਜਾ ਰਹੀ ਹੈ। ਨੈਕਿਸਕਾ ਦੇ ?ਪਨਿੰਗ ਸੈਸ਼ਨ ਸਮੇਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਾਲ ਵਿਦੇਸ਼ੀ ਵਰਕਰ ਹਾਲੇ ਤੀਕ ਨਹੀਂ ਆਏ ਹਨ ਤੇ 70% ਨੌਰਮਲ ਸਟਾਫਿੰਗ ਨਾਲ ਕੰਮ ਚਲਾਇਆ ਜਾ ਰਿਹਾ ਹੈ। ਹਰ ਸਾਲ ਵਿਦੇਸ਼ੀ ਕਰਮਚਾਰੀ ਰੱਖੇ ਜਾਂਦੇ ਹਨ ਤੇ ਕੈਨੇਡੀਅਨਾਂ ਵਿੱਚ ਇਸ ਕੰਮ ਵਿੱਚ ਖਾਸੀ ਦਿਲਚਸਪੀ ਨਹੀਂ ਦਿਖਾਈ ਜਾਂਦੀ। ਇਸੇ ਤਰ੍ਹਾਂ ਗਰਮੀਆਂ ਦੇ ਬਿਜ਼ਨਿਸਿਜ਼ ਵਿੱਚ ਹੁੰਦਾ ਹੈ। ਨੈਕਿਸਕਾ ਵਿੱਚ ਹਰ ਸਾਲ ਸਰਦੀਆਂ ਵਿੱਚ 30 ਤੋਂ 40% ਕਰਮਚਾਰੀ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਤੋਂ ਆਉਂਦੇ ਹਨ ਪਰ ਇਸ ਸਾਲ ਹੁਣ ਤੱਕ ਉਹਨਾਂ ਨੇ ਦਰਖਾਸਤਾਂ ਵੀ ਨਹੀਂ ਭੇਜੀਆਂ ਹਨ। ਇਸ ਕਰਕੇ ਇਹਨਾਂ ਵਿੰਟਰ ਰਿਜ਼ੌਰਟਸ ਦਾ ਕੰਮ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ।

ਸਾਡੇ ਕੋਲ ਵੱਡੇ ਪਰਿਵਾਰਾਂ ਦੇ ਰਹਿਣ ਲਈ ਘਰ ਹਨ




ਤੁਹਾਨੂੰ ਕੀ ਚਾਹੀਦਾ ਹੈ? 4 ਬੈੱਡ ਰੂਮ? ਸੈਕਿੰਡ ਕਿਚਨ?

ਅਸੀਂ ਇਹੋ ਜਿਹੇ ਘਰ ਬਣਾਉਂਦੇ ਹਾਂ,ਜਿਹੜਾ ਤੁਹਾਡੇ ਪਰਿਵਾਰ ਦੇ ਆਕਾਰ ਅਤੇ ਲੋੜਾਂ ਦੇ ਅਨਕੂਲ ਹੋਵੇ! ਫੇਸ 2 ਵਿੱਚ ਲਾਟਾਂ ਬਹੁਤ ਘੱਟ ਰਹਿ ਗਈਆਂ ਹਨ ।ਸਾਡੇ ਕੋਲ ਇਸ ਸਮੇਂ ਕੁੱਝ ਅਜਿਹੀਆਂ ਲਾਟਾਂ ਹਨ ਜਿਹਨਾਂ ਉੱਪਰ 3 ਗੈਰਾਜਾਂ ਵਾਲੇ ਘਰ ਬਣਦੇ ਹਨ ! ਜਿਦਾਂ ਦਾ ਅਹਿ ਘਰ ਨੋਰਵੁੱਡ ਮਾਡਲ ਹੇਠਾਂ ਵਾਲੀ ਫੋਟੋ ਵਿੱਚ ਦਿਖਾਇਆ ਗਿਆ ਹੈ



123 DAWSON HARBOUR COURT

**The NORWOOD 2668 sqft | 4 Bedrooms | 4 Bathrooms**

9' foundation and main floor ceiling heights
Upgraded gourmet kitchen appliance package
Two-tone kitchen cabinets with extended upper cabinets
Quartz kitchen countertops throughout
Hardwood and tile flooring
Natural gas fireplace with full tile to ceiling height
Convenient upper floor laundry with plenty of storage
15' x 10' rear deck – Great for summer BBQs
Triple car garage to store all your recreational toys

We have upcoming lots 46'-55' wide with West and South facing yards and homesites facing Dawson Gardens in phase 3

ਉਸ ਭਾਈਚਾਰੇ ਵਿੱਚ ਰਹੋ ਜਿਹੜਾ ਤੁਹਾਡੇ ਪਰਿਵਾਰ ਦੇ ਮੰਨੋਰੰਜਨ ਲਈ ਬਣਾਇਆ ਗਿਆ ਹੈ



CONTACT US TODAY:
Sherrilyn Parkes 403-454-5490
608 West Lakeview Drive, Chestermere
Email:dawsonslanding@nuvistahomes.com

NuVista HOMES
A QUALICO® Company

## ਹਾਇ-ਰਿਸਕ ਮਰੀਜ਼ਾਂ ਵਾਸਤੇ ਕਰੋਨਾ ਤੋਂ ਬਚਾਓ ਲਈ ਨਵਾਂ ਪ੍ਰਵਾਨਿਤ ਐਂਟਿਬੌਡੀ ਟ੍ਰੀਟਮੈਂਟ ਸ਼ੁਰੂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਹੈਲਥ ਸਰਵਿਸਿਜ਼ ਨੇ ਐਲਾਨ ਕੀਤਾ ਹੈ ਕਿ ਉਹਨਾਂ ਵੱਲੋਂ ਸੂਬੇ ਭਰ ਦੇ ਬਜ਼ੁਰਗਾਂ ਅਤੇ ਹੋਰ ਹਾਇ-ਰਿਸਕ ਮਰੀਜ਼ਾਂ ਵਾਸਤੇ ਨਵਾਂ ਪ੍ਰਵਾਨਿਤ ਐਂਟਿਬੌਡੀ ਟ੍ਰੀਟਮੈਂਟ ਸ਼ੁਰੂ ਕੀਤਾ ਜਾ ਰਿਹਾ ਹੈ। ਹਸਪਤਾਲਾਂ ਤੋਂ ਬਾਹਰ ਰਹਿ ਕੇ ਇਹ ਟ੍ਰੀਟਮੈਨਟ ਦਿੱਤਾ ਜਾਵੇਗਾ ਤੇ ਦੇਸ਼ ਭਰ ਵਿੱਚ ਇਹ ਆਪਣੀ ਤਰ੍ਹਾਂ ਦਾ ਪਹਿਲਾ ਪ੍ਰੋਗਰਾਮ ਹੋਵੇਗਾ। ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਨੇ ਦੱਸਿਆ ਕਿ ਸੋਟਰੋ-ਵਿਮੈਬ ਨਾਮ ਦੀ ਇੱਕ ਦਵਾਈ 65 ਸਾਲ ਜਾਂ ਇਸ ਤੋਂ ਉੱਪਰ ਉਮਰ ਦੇ ਕੋਵਿਡ-19 ਪੌਜ਼ਿਟਿਵ ਅਤੇ ਵੈਕਸਿਨ ਨਾ ਲਗਵਾਉਣ ਵਾਲੇ ਵਿਅਕਤੀਆਂ ਨੂੰ ਦਿੱਤੀ ਜਾ ਰਹੀ ਹੈ। ਜਿਹਨਾਂ ਵਿਅਕਤੀਆਂ ਨੂੰ ਸਟੈੱਮ ਸੈੱਲ ਦਿੱਤੇ ਗਏ ਹਨ ਜਾਂ ਜਿਹਨਾਂ ਦੇ ਅੰਗ ਟ੍ਰਾਂਸਪਲਾਂਟ ਹੋਏ ਹਨ, ਉਹਨਾਂ ਨੂੰ ਵੀ ਇਹ ਦਵਾਈ ਦਿੱਤੀ ਜਾ ਰਹੀ ਹੈ। ਡਾ. ਹਿਨਸ਼ੌਅ ਨੇ ਦੱਸਿਆ ਕਿ ਇਹ ਦਵਾਈ ਪੜਾਅਵਾਰ ਦਿੱਤੀ ਜਾ ਰਹੀ ਹੈ ਤੇ ਇਸ ਨਾਲ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਹੋਰ ਠੱਲ੍ਹ ਪਾਈ ਜਾ ਸਕੇਗੀ।

## ਵਾਤਾਵਰਣ ਦੀ ਸੰਭਾਲ ਸਬੰਧੀ ਗੈਸਾਂ ਦੇ ਖਾਤਮੇ ਬਾਰੇ ਵਿਸਾਲ ਈਵੈਂਟ ਹੋਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੀਆਂ ਗੈਸਾਂ ਦਾ ਖਾਤਮਾ ਕਰਨ ਦੇ ਟੀਚੇ ਨਾਲ ਕੈਲਗਰੀ ਵਿੱਚ ਗੈਸ ਐਂਡ ਔਇਲ ਇੰਡਸਟਰੀ ਦਾ ਇੱਕ ਵਿਸ਼ਾਲ ਇਵੈਂਟ ਕਰਵਾਇਆ ਜਾ ਰਿਹਾ ਹੈ। ਸਾਲ 2023 ਵਿੱਚ ਵਲਡ ਪੈਟਰੋਲੀਅਮ ਕੌਂਗਰੈਸ ਕੀਤੀ ਜਾ ਰਹੀ ਹੈ ਜਿਸ ਵਿੱਚ ਦੁਨੀਆ ਭਰ ਤੋਂ ਤੇਲ ਅਤੇ ਗੈਸ ਕੰਪਨੀਆਂ ਦੇ ਮੁਖੀ ਕੈਲਗਰੀ ਪਹੁੰਚਣਗੇ। ਇਸ ਸੰਬੰਧ ਵਿੱਚ ਵਲਡ ਪੈਟਰੋਲੀਅਮ ਕੌਂਸਲ ਵੱਲੋਂ ਇੱਕ ਸਟੇਟਮੈਂਟ ਜਾਰੀ ਕੀਤੀ ਗਈ ਤੇ ਕਿਹਾ ਗਿਆ ਹੈ ਕਿ ਇਸ ਵਿਸ਼ਾਲ ਇਕੱਤਰਤਾ ਵਿੱਚ ਵਾਤਾਵਰਣ ਸ਼ੁੱਧ ਰੱਖਣ ਦੇ ਨਾਲ ਨਾਲ ਤੇਲ ਅਤੇ ਗੈਸ ਸੈਕਟਰ ਨੂੰ ਚਾਲੂ ਰੱਖਣ ਲਈ ਸਾਂਝੀ ਰਣਨੀਤੀ ਬਣਾਈ ਜਾਵੇਗੀ। ਇਸ ਸੰਬੰਧੀ ਰੱਖੇ ਗਏ ਪ੍ਰੋਗਰਾਮ ਵਿੱਚ ਕੈਲਗਰੀ ਮੇਅਰ ਜੋਤੀ ਗੌਂਡੇਕ ਅਤੇ ਐਲਬਰਟਾ ਦੀ ਐਨਰਜੀ ਮਨਿਸਟਰ ਸੋਨਿਆ ਸੈਵੇਜ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ।

## ਕਾਰਗਿਲ ਮੀਟ ਪਲਾਂਟ ਦੇ ਕਾਮੇ ਹੜਤਾਲ ਦੇ ਰਾਹ ਪੈਣ ਲਈ ਤਿਆਰ ਬਰ ਤਿਆਰ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਦੱਖਣ ਵੱਲ ਸਥਿਤ ਕਾਰਗਿਲ ਮੀਟ ਪਲਾਂਟ ਵਿੱਚ ਸੈਂਕੜੇ ਕਰਮਚਾਰੀਆਂ ਵੱਲੋਂ ਹੜਤਾਲ ਦਾ ਰਸਤਾ ਪੱਧਰਾ ਕਰ ਲਿਆ ਗਿਆ ਹੈ। ਯੁਨਾਇਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਯੁਨਿਅਨ-401 ਦਾ ਕਹਿਣਾ ਹੈ ਕਿ ਇਸ ਸੰਬੰਧੀ ਰਸਮੀ ਨੋਟਿਸ ਕੰਪਨੀ ਨੂੰ ਦੇ ਦਿੱਤਾ ਗਿਆ ਹੈ। ਕਰਮਚਾਰੀ ਯੁਨਿਅਨ ਅਤੇ ਕੰਪਨੀ ਪ੍ਰਸ਼ਾਸਨ ਦਰਮਿਆਨ ਹੋਣ ਵਾਲੀ ਗੱਲਬਾਤ ਜੇ 6 ਦਸੰਬਰ ਤੱਕ ਸਿਰੇ ਨਹੀਂ ਚੜ੍ਹਦੀ ਤਾਂ ਹੜਤਾਲ ਸ਼ੁਰੂ ਹੋ ਜਾਵੇਗੀ। ਕਰਮਚਾਰੀਆਂ ਵੱਲੋਂ ਵਰਕਿੰਗ ਕੰਡਿਸ਼ਨਜ਼ ਵਿੱਚ ਸੁਧਾਰ ਕਰਨ, ਕੋਵਿਡ-19 ਪ੍ਰਤੀ ਵਧੇਰੇ ਅਹਿਤਿਆਤ ਵਰਤਣ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਵਾਧੇ ਨੂੰ ਲੈ ਕੇ ਕੰਪਨੀ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਕਰਮਚਾਰੀਆਂ ਵਿੱਚੋਂ 87% ਨੇ ਵੋਟਿੰਗ ਵਿੱਚ ਹਿੱਸਾ ਲਿਆ ਤੇ ਇਹਨਾਂ ਵਿਚੋਂ 97% ਨੇ ਹੜਤਾਲ ਕਰਨ ਦੇ ਹੱਕ ਵਿੱਚ ਫੈਸਲਾ ਸੁਣਾਇਆ ਹੈ।

## ਲਓ ਬਈ ਹੁਣ ਦੇਖਦੇ ਹਾਂ ਕਿ ਸ਼ੌਨ ਚੂਅ ਦਾ ਕਈ ਕੀ ਕਰ ਲਊ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਮਿਉਨਿਸਿਪਲ ਅਫੇਅਰਜ਼ ਮਨਿਸਟਰ ਰਿਕ ਮੈਕਾਇਵਰ ਦੇ ਇਹ ਕਹਿਣ ਮਗਰੋਂ ਕਿ ਸੂਬਾ ਸਰਕਾਰ, ਕੈਲਗਰੀ ਦੇ ਵਾਰਡ 4 ਤੋਂ ਕੌਂਸਲਰ ਸ਼ੌਨ ਚੂਅ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕਰ ਸਕਦੀ ਹੈ, ਸਿਟੀ ਕੌਂਸਲ ਕੋਲ ਹੁਣ ਉਸ ਦੇ ਖਿਲਾਫ਼ ਕਰਨ ਲਈ ਕੁੱਝ ਵੀ ਬਾਕੀ ਨਹੀਂ ਬਚਿਆ ਹੈ। ਮਨਿਸਟਰ ਰਿਕ ਮੈਕਾਇਵਰ ਨੇ ਕਿਹਾ ਸੀ ਉਹਨਾਂ ਨੂੰ ਇੰਡਿਪੈਂਡੈਂਟ ਲੀਗਲ ਰਿਵਿਊ ਵਿੱਚ ਇਹੀ ਦੱਸਿਆ ਗਿਆ ਹੈ ਕਿ ਸੂਬਾ ਸਰਕਾਰ ਕੋਲ ਕੋਈ ਅਧਿਕਾਰ ਨਹੀਂ ਹੈ ਕਿ ਉਹ ਕੌਂਸਲਰ ਸ਼ੌਨ ਚੂ ਨੂੰ ਉਹਨਾਂ ਦੇ ਅਹੁਦੇ ਤੋਂ ਹਟਾ ਦੇਵੇ। ਉਹ ਲੋਕਾਂ ਵੱਲੋਂ ਚੁਣਿਆ ਗਿਆ ਹੈ ਤੇ ਕੌਂਸਲਰ ਰਹਿਣ ਦੇ ਦੌਰਾਨ ਉਸ ਵਿਰੁਧ ਕੋਈ ਸੰਗੀਨ ਦੋਸ਼ ਨਹੀਂ ਹੈ। ਇਸ ਮਾਮਲੇ ਵਿੱਚ ਸਿਟੀ ਕੌਂਸਲ ਵੱਲੋਂ ਸ਼ੌਨ ਚੂ ਦੇ ਖਿਲਾਫ਼ ਸਖ਼ਤ ਸਟੈਂਡ ਲਿਆ ਗਿਆ ਸੀ ਤੇ ਉਸ ਉੱਪਰ ਅਸਤੀਫੇ ਦਾ ਦਬਾਅ ਵੀ ਬਣਾਇਆ ਗਿਆ ਸੀ। ਸ਼ੌਨ ਚੂਅ ਵੱਲੋਂ ਅਸਤੀਫਾ ਦੇਣ ਤੋਂ ਨਾਂਹ ਕੀਤੀ ਜਾ ਚੁੱਕੀ ਹੈ।

## ਨਸਲਵਾਦੀ ਟਿੱਪਣੀ ਕਰਕੇ ਬਰਾਇਨ ਜੀਨ ਹੁਣ ਮੁਆਫੀ ਮੰਗ ਗਿਆ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਫੋਰਟ ਮੈਕਮਰਿ-ਲੈਕ-ਲਾ-ਬੀਸ਼ ਤੋਂ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਬਣਨ ਦੀ ਦੌੜ ਵਿੱਚ ਸ਼ਾਮਿਲ ਬ੍ਰਾਇਨ ਜੀਨ ਨੇ ਪਿਛਲੇ ਦਿਨੀਂ ਪੋਸਟ ਕੀਤੀ ਆਪਣੀ ਟਿੱਪਣੀ 'ਤੇ ਮਾਫੀ ਮੰਗ ਲਈ ਹੈ। ਸ਼ਨੀਵਾਰ ਨੇ ਸੋਸ਼ਲ ਮੀਡੀਆ 'ਤੇ ਪਾਈ ਆਪਣੀ ਇੱਕ ਪੋਸਟ ਵਿੱਚ ਬ੍ਰਾਇਨ ਜੀਨ ਨੇ ਕਿਹਾ ਸੀ ਪਾਰਟੀ ਲੀਡਰ ਜੇਸਨ ਕੈਨੀ ਅਤੇ ਉਹਨਾਂ ਦੇ ਸਾਥੀ ਇੱਕ ਨਾਇਜੀਰੀਆਈ ਅਰਥ-ਸ਼ਾਸਤਰੀ ਨੂੰ ਅੱਗੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ 'ਤੇ ਉਸ ਉਮੀਦਵਾਰ ਜੋਸ਼ੂਆ ਗੋਗੋ ਨੇ ਬ੍ਰਾਇਨ ਜੀਨ ਦੀ ਇਸ ਨਸਲਵਾਦੀ ਟਿੱਪਣੀ ਦੀ ਤਿੱਖੀ ਆਲੋਚਨਾ ਕੀਤੀ ਸੀ ਤੇ ਸੋਸ਼ਲ ਮੀਡੀਆ 'ਤੇ ਜੀਨ ਨੂੰ ਕਾਫੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਸੀ। ਹੁਣ ਬ੍ਰਾਇਨ ਜੀਨ ਨੇ ਇਸ ਮਾਮਲੇ 'ਤੇ ਮਾਫੀ ਮੰਗ ਲਈ ਹੈ ਤੇ ਕਿਹਾ ਹੈ ਕਿ ਇਹ ਪੋਸਟ ਉਹਨਾਂ ਦੀ ਕੈਂਪੇਨ ਦੇ ਇੱਕ ਵਲੰਟੀਅਰ ਨੇ ਲਿਖੀ ਸੀ ਤੇ ਹੁਣ ਇਹ ਹਟਾ ਲਈ ਗਈ ਹੈ। ਬ੍ਰਾਇਨ ਜੀਨ ਨੇ ਜੋਸ਼ੂਆ ਗੋਗੋ ਨੂੰ ਟੈਕਸਟ ਮੈਸੇਜ ਭੇਜ ਕੇ ਵੀ ਮਾਫੀ ਮੰਗੀ ਹੈ।

## ਹੁਣ ਟੀਕਾਕਰਨ ਦੇ ਸਬੂਤ ਵੱਜੋਂ ਕਿਊ ਆਰ ਕੋਡ ਹੀ ਮੰਨਿਆ ਜਾਵੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 15 ਨਵੰਵਰ ਤੋਂ ਐਲਬਰਟਾ ਭਰ ਵਿੱਚ ਵੈਕਸਿਨ ਦੇ ਸਬੂਤ ਵੱਜੋਂ ਸਿਰਫ਼ ਕਿਊ.ਆਰ. ਕੋਡ ਵਾਲਾ ਰੈਕਰਡ ਹੀ ਦੇਖਿਆ ਜਾਵੇਗਾ ਤੇ ਬਿਨਾ ਕਿਊ.ਆਰ. ਕੋਡ ਵਾਲੇ ਸਬੂਤ ਦੀ ਮਿਆਦ ਸਿਰਫ਼ 24 ਘੰਟੇ ਹੀ ਹੋਵੇਗੀ। ਜਿਹਨਾਂ ਨੇ ਆਪੋ ਆਪਣੀ ਵੈਕਸਿਨ ਦੇ ਦੋਵੇਂ ਇੰਜੈਕਸ਼ਨ ਲਗਵਾ ਲਏ ਹਨ ਉਹ ਕੋਵਿਡ ਰੈਕਰਡਜ਼ ਡੌਟ ਐਲਬਰਟਾ ਡੌਟ ਸੀਏ/ਹੋਮ 'ਤੇ ਜਾ ਕੇ ਆਪਣਾ ਕਿਊ.ਆਰ. ਕੋਡ ਡਾਊਨਲੋਡ ਕਰ ਸਕਦੇ ਹਨ। ਕਿਸੇ ਵੀ ਬਿਜ਼ਨਸ ਅਦਾਰੇ ਵਿੱਚ ਜਾਣ ਲਈ ਜਾਂ ਜਿੱਥੇ ਰੈਸਟ੍ਰਿਕਸ਼ਨ ਐਗਜ਼ੈਂਪਸ਼ਨ ਪ੍ਰੋਗਰਾਮ ਲਾਗੂ ਹੈ, ਉਥੇ ਇਹ ਕਿਊ.ਆਰ. ਕੋਡ ਵਾਲਾ ਸਬੂਤ ਦਿਖਾਉਣਾ ਲਾਜ਼ਿਮ ਕੀਤਾ ਗਿਆ ਹੈ। ਕਿਸੇ ਵੀ ਰਜਿਸਟਰੀ ਤੋਂ ਆਪਣਾ ਹੈਲਥ ਕਾਰਡ ਅਤੇ ਆਈਡੀ ਦਿਖਾ ਕੇ ਇਹ ਕਿਊ.ਆਰ. ਕੋਡ ਸਬੂਤ ਬਿਲਕੁਲ ਮੁਫ਼ਤ ਹਾਸਲ ਕੀਤਾ ਜਾ ਸਕਦਾ ਹੈ। ਸੂਬੇ ਵਿੱਚ ਐਲਿਜਿਬਲ ਵਿਅਕਤੀਆਂ ਦੀ 87% ਸੰਖਿਆ ਨੇ ਵੈਕਸਿਨ ਦਾ ਘੱਟੋ ਘੱਟ ਇੱਕ ਇੰਜੇਕਸ਼ਨ ਲਗਵਾ ਲਿਆ ਹੈ ਜਦੋਂ ਕਿ 81.8% 'ਤੇ ਦੋਵੇਂ ਟੀਕੇ ਲਗਵਾ ਲਏ ਦੱਸੇ ਗਏ ਹਨ।

## ਗ੍ਰੈਂਡ ਪ੍ਰੇਰੀ ਦੇ ਨੇੜੇ 295 ਏਕੜ ਵਿੱਚ ਕਾਰਬਨ ਨਿਊਟਰਲ ਪਲਾਂਟ ਲੱਗੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਇੱਕ ਪੈਟਰੋ-ਕੈਮਿਕਲ ਫ਼ਰਮ ਨੇ ਗ੍ਰੈਂਡ ਪ੍ਰੇਅਰੀ ਦੇ ਨੇੜੇ 295 ਏਕੜ ਜਗ੍ਹਾ ਵਿੱਚ ਢਾਈ ਬਿਲੀਅਨ ਡਾਲਰਾਂ ਦੀ ਲਾਗਤ ਨਾਲ ਕਾਰਬਨ ਨਿਊਟਰਲ ਪਲਾਂਟ ਲਗਾਉਣ ਦਾ ਐਲਾਨ ਕੀਤਾ ਹੈ। ਇਸ ਪਲਾਂਟ ਵਿੱਚ 200 ਮਿਲੀਅਨ ਟੰਨ ਅਮੋਨੀਆ ਅਤੇ ਮੈਥਾਨੌਲ ਦਾ ਸਾਲਾਨਾ ਉਤਪਾਦਨ ਹੋਵੇਗਾ। ਕੰਪਨੀ ਵੱਲੋਂ ਕਾਰਬਨ ਨੂੰ ਜ਼ਮੀਨ ਦੇ ਹੇਠਾਂ ਸਟੋਰ ਕਰਨ ਦਾ ਪ੍ਰਬੰਧ ਕੀਤਾ ਜਾਵੇਗਾ। ਇੱਥੇ 4000 ਕੰਸਟ੍ਰਕਸ਼ਨ ਨੌਕਰੀਆਂ ਅਤੇ 400 ਲੌਂਗ ਟਰਮ ਨੌਕਰੀਆਂ ਪੈਦਾ ਹੋਣਗੀਆਂ। ਇਸ ਨਵੀਂ ਫੈਸਿਲਿਟੀ ਦਾ ਨਿਰਮਾਣ ਕਾਰਜ ਸਾਲ 2023 ਤੋਂ ਸ਼ੁਰੂ ਹੋਵੇਗਾ ਤੇ 3 ਸਾਲ ਵਿੱਚ ਮੁਕੰਮਲ ਹੋਵੇਗਾ। ਕੰਪਨੀ ਵੱਲੋਂ ਜ਼ਮੀਨ ਦੀ ਖ਼ਰੀਦ ਕਰ ਲਈ ਗਈ ਹੈ ਤੇ ਵਾਤਾਵਰਣ ਵਿੱਚੋਂ ਕਾਰਬਨ ਗੈਸ ਨੂੰ ਘੱਟ ਕਰਨ ਦੀ ਦਿਸ਼ਾ ਵੱਲ ਇਸ ਨੂੰ ਵੱਡਾ ਕਦਮ ਮੰਨਿਆ ਜਾ ਰਿਹਾ ਹੈ।

## ਸੜਕਾਂ ਪੁਲ ਅਤੇ ਆਵਾਜਾਈ ਸਬੰਧੀ ਜੋਅ ਬਾਇਡਨ ਨੇ ਵੱਡਾ ਬੱਜਟ ਰੱਖਿਆ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਯੂ.ਐਸ. ਰਾਸ਼ਟਰਪਤੀ ਜੋਅ ਬਾਇਡਨ ਨੇ ਇਨਫ਼ਰਾ-ਸਟ੍ਰਕਚਰ ਬਿਲ 'ਤੇ ਹਸਤਾਖਰ ਕਰਕੇ 1.2 ਟ੍ਰਿਲੀਅਨ ਡਾਲਰਾਂ ਦਾ ਖ਼ਰਚਾ ਕਰਕੇ ਇਕੌਨੋਮੀ ਨੂੰ ਵੱਡਾ ਬੂਸਟ ਦੇਣ ਦਾ ਫੈਸਲਾ ਲਿਆ ਹੈ। ਇਸ ਨੂੰ ਰਾਸ਼ਟਰਪਤੀ ਦੀ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਅੱਠ ਸਾਲਾਂ ਵਿੱਚ ਇਸ ਰਕਮ ਨਾਲ ਪੁਲ, ਸੜਕਾਂ ਅਤੇ ਹਾਇਵੇਅ ਬਣਾਏ ਜਾਣਗੇ ਤੇ ਯਾਤਰੀ ਰੇਲ ਅਤੇ ਸਿਟੀ ਟ੍ਰਾਂਜ਼ਿਟ ਦਾ ਨਵੀਨੀਕਰਨ ਕੀਤਾ ਜਾਵੇਗਾ।

SSSS
IMMIGRATION SERVICES
www.ssssimmigration.com
ICCRC CRCIC
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

# ਪੰਜਾਬੀ ਦੀ ਪ੍ਰਫੁੱਲਤਾ ਲਈ ਸੂਬਾਈ ਭਾਸ਼ਾ ਕਮਿਸ਼ਨ ਸਥਾਪਿਤ ਹੋਵੇ : ਗਰੇਵਾਲ

- ਹੇਠਲੀਆਂ ਅਦਾਲਤਾਂ, ਕਮਿਸ਼ਨ ਤੇ ਟ੍ਰਿਬਿਊਨਲ ਵੀ ਕਰਨ ਪੰਜਾਬੀ 'ਚ ਕੰਮ
- ਸੂਬਾਈ ਤੇ ਜ਼ਿਲਾ ਪੱਧਰੀ ਅਧਿਕਾਰਿਤ ਕਮੇਟੀਆਂ ਦਾ ਤੁਰੰਤ ਗਠਨ ਕੀਤਾ ਜਾਵੇ
- ਵਪਾਰਕ ਅਦਾਰਿਆਂ ਤੇ ਸੂਚਕ ਬੋਰਡ ਪੰਜਾਬੀ ਚ ਵੀ ਲਾਉਣੇ ਲਾਜ਼ਮੀ ਹੋਣ
- ਮੁੱਖ ਮੰਤਰੀ ਤੇ ਭਾਸ਼ਾ ਮੰਤਰੀ ਨੂੰ ਲਿਖੀ ਚੱਠੀ 'ਚ ਰਾਜ ਭਾਸ਼ਾ ਬਾਰੇ ਉਠਾਈਆਂ ਮੰਗਾਂ



ਚੰਡੀਗੜ (ਪੰਜਾਬੀ ਅਖਬਾਰ ਬਿਊਰੋ) ਪੰਜਾਬੀ ਕਲਚਰਲ ਕੌਂਸਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਰਾਜ ਭਾਸ਼ਾ ਪੰਜਾਬੀ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨ ਅਤੇ ਬਣਦਾ ਰੁਤਬਾ ਦਿਵਾਉਣ ਲਈ ਰਾਜ ਵਿੱਚ ਸੂਬਾਈ ਭਾਸ਼ਾ ਕਮਿਸ਼ਨ ਦੀ ਸਥਾਪਨਾ ਕਰਨ ਦੇ ਨਾਲ-ਨਾਲ ਪੰਜਾਬੀ ਰਾਜ ਭਾਸ਼ਾ (ਸੋਧ) ਕਾਨੂੰਨ 2008 ਦੀ ਧਾਰਾ 3-ਏ ਤਹਿਤ ਸੂਬੇ ਦੀਆਂ ਹੇਠਲੀਆਂ ਅਦਾਲਤਾਂ, ਸਾਰੇ ਕਮਿਸ਼ਨਾਂ, ਮਾਲ ਅਦਾਲਤਾਂ ਅਤੇ ਟ੍ਰਿਬਿਊਨਲਾਂ ਦੇ ਦਫਤਰਾਂ ਸਮੇਤ ਅਦਾਲਤੀ ਕੰਮ-ਕਾਜ ਵੀ ਪੰਜਾਬੀ ਵਿੱਚ ਕੀਤੇ ਜਾਣਾ ਲਾਗੂ ਕਰਵਾਇਆ ਜਾਵੇ ਕਿਉਂਕਿ ਇਸ ਧਾਰਾ ਨੂੰ ਲਾਗੂ ਕਰਨ ਵਿੱਚ ਅਦਾਲਤਾਂ ਨੂੰ ਦਿੱਤੀ ਛੋਟ ਲਈ ਬਹੁਤ ਲੰਮਾ ਸਮਾਂ ਬੀਤ ਚੁੱਕਾ ਹੈ।

ਪੰਜਾਬ ਦੇ ਮੁੱਖ ਮੰਤਰੀ ਅਤੇ ਸਿੱਖਿਆ ਤੇ ਭਾਸ਼ਾ ਮੰਤਰੀ ਨੂੰ ਲਿਖੀ ਚਿੱਠੀ ਵਿੱਚ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਸ. ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਨੇ ਮੌਜੂਦਾ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਬਾਰੇ ਲਾਗੂ ਦੋਵੇਂ ਕਾਨੂੰਨਾਂ ਵਿੱਚ ਕੀਤੀਆਂ ਤਾਜ਼ਾ ਸੋਧਾਂ ਲਈ ਵਧਾਈ ਦਿੰਦਿਆ ਮੰਗ ਕੀਤੀ ਹੈ ਕਿ ਹੋਰਨਾਂ ਰਾਜਾਂ ਦੀ ਤਰਜ਼ ਉੱਪਰ ਪੰਜਾਬ ਵਿੱਚ ਵੀ ਰਾਜ ਭਾਸ਼ਾ ਦੀ ਠੋਸ ਪ੍ਰਫੁੱਲਤਾ, ਖੋਜ ਅਤੇ ਵਿਕਾਸ ਲਈ ਬਹੁ-ਮੈਂਬਰੀ ਸੂਬਾਈ ਭਾਸ਼ਾ ਕਮਿਸ਼ਨ ਕਾਇਮ ਕੀਤਾ ਜਾਵੇ ਅਤੇ ਪੰਜਾਬੀ ਭਾਸ਼ਾ ਨੂੰ ਅਣਗੌਲੇ ਕਰਨ ਵਾਲੇ ਕਸੂਰਵਾਰ ਅਧਿਕਾਰੀਆਂ/ਕਰਮਚਾਰੀਆਂ, ਅਦਾਲਤਾਂ, ਕਮਿਸ਼ਨਾਂ, ਮਾਲ ਅਦਾਲਤਾਂ, ਟ੍ਰਿਬਿਊਨਲਾਂ ਅਤੇ ਵਿੱਦਿਅਕ ਸੰਸਥਾਵਾਂ ਨੂੰ ਕਾਨੂੰਨਾਂ ਹੇਠ ਸਜ਼ਾਵਾਂ ਸੁਣਾਉਣ ਲਈ ਜਲਦ ਫ਼ੈਸਲੇ ਹੋ ਸਕਣ। ਮਾਂ-ਬੋਲੀ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਸ. ਗਰੇਵਾਲ ਨੇ ਇਹ ਵੀ ਮੰਗ ਕੀਤੀ ਹੈ ਕਿ ਸਮੇਂ-ਸਮੇਂ ਉਤੇ ਰਾਜ ਵਿਧਾਨ ਸਭਾ ਜਾਂ ਸਰਕਾਰ ਵੱਲੋਂ ਬਣਾਏ ਜਾਂਦੇ ਬਿੱਲ, ਕਾਨੂੰਨ, ਆਰਡੀਨੈਂਸ, ਹੁਕਮ, ਨਿਯਮ, ਉਪ-ਨਿਯਮ ਅਤੇ ਨਿਰਦੇਸ਼ ਆਦਿ ਪੰਜਾਬੀ ਭਾਸ਼ਾ ਵਿੱਚ ਵੀ ਤਿਆਰ ਅਤੇ ਪ੍ਰਕਾਸ਼ਿਤ ਕਰਨ ਲਈ ਸਰਕਾਰ ਵੱਲੋਂ ਲਿਖਤ ਹਦਾਇਤਾਂ ਜਾਰੀ ਕੀਤੀਆਂ ਜਾਣ। ਇਸ ਤੋਂ ਇਲਾਵਾ ਸਮੂਹ ਵਿਭਾਗਾਂ ਨੂੰ ਆਪੋ-ਆਪਣੀਆਂ ਵੈੱਬਸਾਈਟਾਂ ਗੁਰਮੁਖੀ ਭਾਸ਼ਾ ਵਿੱਚ ਤਿਆਰ ਕਰਨ ਲਈ ਸਮਾਂਬੱਧ ਕੀਤਾ ਜਾਵੇ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਸਬੰਧਤ ਮਹਿਕਮੇ ਦੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮਾਂ ਹੇਠ ਚਾਰਜਸ਼ੀਟ ਕੀਤਾ ਜਾਵੇ। ਸਰਕਾਰੀ ਪੱਧਰ ਉੱਤੇ ਗੁਰਮੁੱਖੀ ਲਿੱਪੀ ਦੀ ਵਰਤੋਂ ਨੂੰ ਅਣਗੌਲੇ ਜਾਣ ਤੋਂ ਨਿਰਾਸ਼ ਸ. ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸਰਕਾਰ ਅਤੇ ਪ੍ਰਸਾਸ਼ਨ ਵੱਲੋਂ ਅਕਸਰ ਪੰਜਾਬੀ ਵਿੱਚ ਦਫਤਰੀ ਲਿਖਾ-ਪੜੀ ਕਰਨ ਤੋਂ ਕੰਨੀ ਕਤਰਾਈ ਜਾਂਦੀ ਹੈ ਜਿਸ ਕਰਕੇ ਰਾਜ ਭਾਸ਼ਾ ਦੀ ਪ੍ਰਫੁੱਲਤਾ ਲਈ ਅਤੇ ਪੰਜਾਬੀ ਵਿੱਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਸਮੇਤ ਮਾਤ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਵਜੋਂ ਪੜਾਉਣ ਤੋਂ ਆਕੀ ਵਿੱਦਿਅਕ ਅਦਾਰਿਆਂ ਖਿਲਾਫ਼ ਕਾਰਵਾਈ ਕਰਨ ਲਈ ਜ਼ਿੰਮੇਵਾਰ ਰਾਜ ਪੱਧਰੀ ਅਧਿਕਾਰਤ ਕਮੇਟੀ ਸਮੇਤ ਜ਼ਿਲਾ ਪੱਧਰੀ ਅਧਿਕਾਰਤ ਕਮੇਟੀਆਂ ਦਾ ਸਾਲ 2016 ਤੋਂ ਬਾਅਦ ਗਠਨ ਹੀ ਨਹੀਂ ਕੀਤਾ ਗਿਆ। ਇੰਨਾਂ ਦੋਹਾਂ ਕਿਸਮਾਂ ਦੀਆਂ ਕਮੇਟੀਆਂ ਦੀ ਕਦੇ ਵੀ ਮੀਟਿੰਗ ਨਹੀਂ ਹੋਈ ਜਦਕਿ ਰਾਜ ਪੱਧਰੀ ਕਮੇਟੀ ਨੇ ਸਾਲ ਵਿੱਚ ਦੋ ਵਾਰ ਅਤੇ 22 ਜਿਲਿਆਂ ਵਿੱਚ ਗਠਿਤ ਕਮੇਟੀਆਂ ਵੱਲੋਂ ਹਰ ਦੋ ਮਹੀਨੇ ਪਿੱਛੋਂ ਮੀਟਿੰਗ ਕੀਤੀ ਜਾਣੀ ਚਾਹੀਦੀ ਸੀ। ਇਸੇ ਵਜਾ ਕਰਕੇ ਸੂਬਾ ਸਰਕਾਰ ਵੱਲੋਂ 13 ਸਾਲ ਪਹਿਲਾਂ ਲਾਗੂ ਹੋਏ ਦੋਵੇਂ ਪੰਜਾਬੀ ਕਾਨੂੰਨਾਂ ਨੂੰ ਹੇਠਲੇ ਪੱਧਰ ਉਤੇ ਸਹੀ ਮਾਅਨਿਆਂ ਵਿੱਚ ਅਮਲੀ ਜਾਮਾ ਪਹਿਨਾਉਣ ਅਤੇ ਪੰਜਾਬੀ ਵਿੱਚ ਕੰਮ ਨਾ ਕਰਨ ਵਾਲੇ ਸਰਕਾਰੀ ਬਾਬੂਆਂ ਅਤੇ ਕਸੂਰਵਾਰ ਵਿੱਦਿਅਕ ਅਦਾਰਿਆਂ ਖ਼ਿਲਾਫ਼ ਬਿਲਕੁਲ ਚੈਕਿੰਗ ਨਹੀਂ ਹੋ ਸਕੀ ਜਿਸ ਕਰਕੇ ਨਵੀਂ ਪੀੜੀ ਦੇ ਛੋਟੇ ਬੱਚਿਆਂ ਅਤੇ ਭਰਤੀ ਹੋ ਰਹੇ ਨਵੇਂ ਅਧਿਕਾਰੀਆਂ/ਕਰਮਚਾਰੀਆਂ ਵਿਚ ਪੰਜਾਬੀ ਬੋਲਣ, ਪੜਨ ਅਤੇ ਲਿਖਣ ਪ੍ਰਤੀ ਰੁਚੀ ਦਿਨੋਂ-ਦਿਨ ਘਟਦੀ ਜਾ ਰਹੀ ਹੈ।

ਰਾਜ ਭਾਸ਼ਾ ਦੀ ਪ੍ਰਫੁੱਲਤਾ ਲਈ ਦਿੱਤੇ ਸੁਝਾਵਾਂ ਵਿਚ ਕੌਂਸਲ ਦੇ ਚੇਅਰਮੈਨ ਨੇ ਸੂਬਾ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਉਹ ਪੰਜਾਬ ਰਾਜ ਭਾਸ਼ਾ (ਸੋਧ) ਕਾਨੂੰਨ 2008 ਅਤੇ ਪੰਜਾਬੀ ਤੇ ਹੋਰ ਭਾਸ਼ਾਵਾਂ ਸਿੱਖਣ ਕਾਨੂੰਨ 2008 ਵਿਚ ਹੋਰ ਲੋੜੀਂਦੀਆਂ ਤਰਜ਼ੀਹੀ ਅਤੇ ਲਾਜ਼ਮੀ ਸੋਧਾਂ ਕੀਤੀਆਂ ਜਾਣ ਤਾਂ ਜੋ ਗੁਰੂਆਂ, ਭਗਤਾਂ ਅਤੇ ਪੀਰਾਂ ਵੱਲੋਂ ਵਰੋਸਾਈ ਇਸ ਇਤਿਹਾਸਕ ਅਤੇ ਮਾਣਮੱਤੀ ਭਾਸ਼ਾ ਨੂੰ ਹਰ ਪੱਧਰ ਉਤੇ ਪ੍ਰਫੁੱਲਤ ਅਤੇ ਵਿਕਸਤ ਕੀਤਾ ਜਾ ਸਕੇ। ਇਸ ਚਿੱਠੀ ਵਿਚ ਪੰਜਾਬੀ ਕਲਚਰਲ ਕੌਂਸਲ ਨੇ ਇਹ ਵੀ ਮੰਗ ਕੀਤੀ ਹੈ ਕਿ ਚੰਡੀਗੜ ਸਮੇਤ ਪੰਜਾਬੀ ਬੋਲਦੇ ਹੋਰਨਾਂ ਇਲਾਕਿਆਂ ਅਤੇ ਰਾਜਾਂ ਵਿੱਚ ਪੰਜਾਬੀ ਭਾਸ਼ਾ ਨੂੰ ਉਸਦਾ ਪਹਿਲੀ ਭਾਸ਼ਾ ਜਾਂ ਦੂਜੀ ਭਾਸ਼ਾ ਵਜੋਂ ਬਣਦਾ ਰੁਤਬਾ ਦਿਵਾਉਣ ਲਈ ਸਰਕਾਰ ਵੱਲੋਂ ਠੋਸ ਚਾਰਾਜੋਈ ਕੀਤੀ ਜਾਵੇ ਤਾਂ ਜੋ ਕਰੋੜਾਂ ਪੰਜਾਬੀਆਂ ਦੀਆਂ ਭਾਵਨਾਵਾਂ ਅਤੇ ਉਮੰਗਾਂ ਦੀ ਪੂਰਤੀ ਹੋ ਸਕੇ। ਇਸ ਲਈ ਪੰਜਾਬ ਦੇ ਰਾਜਪਾਲ ਤੇ ਚੰਡੀਗੜ ਦੇ ਪ੍ਰਸ਼ਾਸਕ ਸਮੇਤ ਪੰਜਾਬੀ ਭਾਸ਼ਾਈ ਇਲਾਕਿਆਂ ਦੇ ਮੁੱਖ ਮੰਤਰੀਆਂ, ਸਿੱਖਿਆ ਤੇ ਭਾਸ਼ਾ ਮੰਤਰੀਆਂ ਸਮੇਤ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਸਰਕਾਰੀ ਪੱਧਰ ਉੱਤੇ ਪੰਜਾਬੀ ਨੂੰ ਬਣਦਾ ਰੁਤਬਾ ਦੇਣ, ਵਿੱਦਿਅਕ ਅਦਾਰਿਆਂ ਵਿੱਚ ਪੰਜਾਬੀ ਪਾਠ ਪੁਸਤਕਾਂ ਦੇਣ, ਪੰਜਾਬੀ ਅਧਿਆਪਕਾਂ ਅਤੇ ਲੈਕਚਰਾਰਾਂ ਸਮੇਤ ਦਫਤਰਾਂ ਵਿੱਚ ਪੰਜਾਬੀ ਲਿਖਾ-ਪੜੀ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੀ ਭਰਤੀ ਸ਼ੁਰੂ ਕਰਾਉਣ ਲਈ ਜ਼ੋਰ ਪਾਇਆ ਜਾਵੇ। ਸਰਕਾਰੀ ਪੱਧਰ ਉਤੇ ਰਾਜ ਭਾਸ਼ਾ ਦੀ ਪ੍ਰਫੁੱਲਤਾ ਅਤੇ ਖੋਜਾਂ ਪ੍ਰਤੀ ਅਣਦੇਖੀ ਉੱਤੇ ਅਫਸੋਸ ਜ਼ਾਹਰ ਕਰਦਿਆਂ ਸ. ਗਰੇਵਾਲ ਨੇ ਚਿੱਠੀ ਵਿੱਚ ਦੱਸਿਆ ਕਿ ਪੰਜਾਬੀ ਭਾਸ਼ਾ ਦੇ ਵਿਕਾਸ, ਖੋਜਾਂ, ਅਮਲ ਅਤੇ ਆਧੁਨਿਕ ਲੀਹਾਂ ਉੱਤੇ ਵਿਕਸਤ ਕਰਨ ਲਈ ਸਥਾਪਿਤ ਕੀਤੇ ਭਾਸ਼ਾ ਵਿਭਾਗ ਵਿੱਚ ਪਿਛਲੇ ਢਾਈ ਦਹਾਕਿਆਂ ਤੋਂ ਖਾਲੀ ਅਸਾਮੀਆਂ ਭਰੀਆਂ ਹੀ ਨਹੀ ਗਈਆਂ ਅਤੇ ਬਾਕੀ ਸੇਵਾ ਮੁਕਤੀ ਕਾਰਨ ਖਾਲੀ ਹੋ ਰਹੀਆਂ ਹਨ। ਇੱਥੋਂ ਤੱਕ ਕਿ ਨਵੀਂ ਤਰਕਸੰਗਤ (ਰੈਸ਼ਨੇਲਾਈਜੇਸ਼ਨ) ਨੀਤੀ ਤਹਿਤ ਵਿਭਾਗ ਵਿੱਚ ਦਰਜਨਾਂ ਅਸਾਮੀਆਂ ਖਤਮ ਕਰ ਦਿੱਤੀਆਂ ਹਨ। ਸੈਂਕੜੇ ਲੇਖਕਾਂ ਦੀਆਂ ਪੁਸਤਕਾਂ ਖਰੜੇ ਘੱਟੇ ਵਿੱਚ ਰੁਲ ਰਹੇ ਹਨ ਜਿਨਾਂ ਦੀ ਛਪਾਈ ਲਈ ਵਿਭਾਗ ਕੋਲ ਬੱਜਟ ਹੀ ਨਹੀਂ ਅਤੇ ਵਿਸ਼ੇਸ਼ ਪ੍ਰਾਪਤੀਆਂ ਬਦਲੇ ਨਾਮਵਰ ਲੇਖਕਾਂ ਅਤੇ ਵੱਖ-ਵੱਖ ਸਖਸ਼ੀਅਤਾਂ ਨੂੰ ਦਿੱਤੇ ਜਾਂਦੇ ਸਾਲਾਨਾ ਸ਼ੋਮਣੀ ਐਵਾਰਡ ਵੀ ਬੱਜਟ ਖੁਣੋਂ ਪ੍ਰਦਾਨ ਨਹੀਂ ਕੀਤੇ ਜਾ ਰਹੇ। ਸਾਲ 2009 ਵਿੱਚ ਰੂਪਨਗਰ ਦੀ ਜ਼ਿਲਾ ਭਾਸ਼ਾ ਅਧਿਕਾਰਤ ਕਮੇਟੀ ਦੇ ਚੇਅਰਮੈਨ ਰਹੇ ਤੱਤਕਾਲੀ ਵਿਧਾਇਕ ਅਤੇ ਹੁਣ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਬਾਰੇ ਕੌਂਸਲ ਦੇ ਚੇਅਰਮੈਨ ਸ. ਗਰੇਵਾਲ ਨੇ ਕਿਹਾ ਹੈ ਕਿ ਪੰਜਾਬੀ ਭਾਸ਼ਾ ਦੇ ਕਦਰਦਾਨ ਸ. ਚੰਨੀ ਦੀ ਅਗਵਾਈ ਹੇਠ ਉਸ ਕਮੇਟੀ ਵੱਲੋਂ ਵਧੀਆ ਕਾਰਜ ਕੀਤੇ ਗਏ ਸਨ ਜਿਸ ਕਰਕੇ ਪੰਜਾਬੀ ਭਾਸ਼ਾ ਦੀ ਬਿਹਤਰੀ ਲਈ ਹੁਣ ਉਹ ਖ਼ੁਦ ਮੌਜੂਦਾ ਸਿੱਖਿਆ ਅਤੇ ਭਾਸ਼ਾ ਮੰਤਰੀ ਨਾਲ ਉਚੇਚੀ ਮੀਟਿੰਗ ਕਰਕੇ ਦਿਨੋ-ਦਿਨ ਦਮ ਤੋੜ ਰਹੇ ਭਾਸ਼ਾ ਵਿਭਾਗ ਪੰਜਾਬ ਨੂੰ ਲੋੜੀਂਦਾ ਬੱਜਟ ਜਾਰੀ ਕਰਨ ਅਤੇ ਖਾਲੀ ਪਈਆਂ ਅਸਾਮੀਆਂ ਤੁਰੰਤ ਭਰਨ ਦੀ ਪ੍ਰਵਾਨਗੀ ਦੇਣ ਤਾਂ ਜੋ ਮਾਂ-ਬੋਲੀ ਦੇ ਪਸਾਰ, ਪ੍ਰਚਾਰ ਅਤੇ ਪ੍ਰਫੁੱਲਤਾ ਲਈ ਸਹੀ ਅਰਥਾਂ ਵਿੱਚ ਸੇਵਾ ਕੀਤੀ ਜਾ ਸਕੇ।ਬੀ ਕਲਚਰਲ ਕੌਂਸਲ ਨੇ ਇਹ ਵੀ ਮੰਗ ਕੀਤੀ ਹੈ ਕਿ ਨੌਜਵਾਨਾਂ ਵਿੱਚ ਪੰਜਾਬੀ ਨੂੰ ਵਧੇਰੇ ਹਰਮਨ ਪਿਆਰੀ ਬਣਾਉਣ ਲਈ ਚਿਰਾਂ ਤੋਂ ਅਟਕੇ ਪਏ ਪੰਜਾਬ ਲਾਇਬਰੇਰੀ ਕਾਨੂੰਨ ਨੂੰ ਅਮਲੀ ਜਾਮਾ ਪਹਿਨਾ ਕੇ ਪਿੰਡਾਂ ਵਿੱਚ ਲਾਇਬਰੇਰੀਆਂ ਖੋਲ੍ਹੀਆਂ ਜਾਣ, ਮਿਆਰੀ ਪੰਜਾਬੀ ਫ਼ਿਲਮਾਂ ਦਾ ਮਨੋਰੰਜਨ ਕਰ ਮੁਆਫ ਕੀਤਾ ਜਾਵੇ ਅਤੇ ਪੰਜਾਬੀ ਨੂੰ ਰੋਜਗਾਰ ਦੀ ਭਾਸਾ ਬਣਾਇਆ ਜਾਵੇ। ਇਸ ਤੋਂ ਇਲਾਵਾ ਹਰ ਵਿਸ਼ੇ ਦੀ ਪੜ੍ਹਾਈ ਮਾਂ-ਬੋਲੀ ਵਿੱਚ ਕਰਵਾਉਣ ਲਈ ਸ਼ਬਦਾਵਲੀ ਅਤੇ ਕੋਸ਼ ਤਿਆਰ ਕਰਨ ਤੋਂ ਇਲਾਵਾ ਪੜ੍ਹਨ ਲਈ ਵਿਸਾ ਸਮੱਗਰੀ ਮੁਹੱਈਆ ਕਰਵਾਉਣ ਹਿੱਤ ਅੰਗਰੇਜੀ ਅਤੇ ਹਿੰਦੀ ਦੀਆਂ ਪਾਠ ਪੁਸਤਕਾਂ ਦਾ ਗੁਰਮੁਖੀ ਵਿੱਚ ਉਲੱਥਾ ਕਰਵਾਇਆ ਜਾਵੇ। ਉਨਾਂ ਸੁਝਾਅ ਦਿੱਤਾ ਹੈ ਕਿ ਪੰਜਾਬੀ ਭਾਸਾ ਦਾ ਦੇਸ਼ ਅਤੇ ਵਿਦੇਸ਼ਾਂ ਵਿਚ ਪਸਾਰ, ਪ੍ਰਚਾਰ ਅਤੇ ਵਿਕਾਸ ਕਰਨ ਲਈ ਕੌਮੀ ਅਤੇ ਕੌਮਾਂਤਰੀ ਪੱਧਰ ਦੀਆਂ ਪੰਜਾਬੀ ਕਾਨਫਰੰਸਾਂ ਹਰ ਸਾਲ ਕਰਵਾਈਆਂ ਜਾਣ। ਇਸ ਤੋਂ ਇਲਾਵਾ ਹਰ ਸਾਲ ਨਵੰਬਰ ਮਹੀਨੇ ਨੂੰ ਪੰਜਾਬੀ ਮਾਹ ਜਾਂ ਪੰਦਰਵਾੜੇ ਵਜੋਂ ਮਨਾਉਣ ਲਈ ਸੂਬੇ ਦੇ ਸਮੂਹ ਵਿਭਾਗਾਂ ਵੱਲੋਂ ਬਿਹਤਰ ਅਤੇ ਯੋਜਨਾਬੱਧ ਢੰਗ ਨਾਲ ਮਹੀਨਾ ਭਰ ਚੱਲਣ ਵਾਲੇ ਪ੍ਰੋਗਰਾਮ ਉਲੀਕੇ ਜਾਣ ਜਿਸ ਵਿੱਚ ਹਰ ਵਰਗ ਦੀ ਸ਼ਮੂਲੀਅਤ ਹੋਵੇ। "ਪੰਜਾਬੀ ਬੋਲੋ, ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ" ਦੇ ਬੋਰਡ ਹਰ ਸਰਕਾਰੀ ਤੇ ਅਰਧ-ਸਰਕਾਰੀ ਦਫਤਰਾਂ ਵਿੱਚ ਲਗਵਾਏ ਜਾਣ। ਕੌਂਸਲ ਦੇ ਚੇਅਰਮੈਨ ਸ. ਗਰੇਵਾਲ ਨੇ ਇਹ ਵੀ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਵਣਜ ਅਤੇ ਵਪਾਰ ਕਰਨ ਲਈ ਲਾਗੂ ਕਾਨੂੰਨਾਂ ਵਿੱਚ ਸੋਧ ਕਰਕੇ ਸਾਰੀਆਂ ਦੁਕਾਨਾਂ, ਵਪਾਰਕ ਅਦਾਰੇ, ਮਨੋਰੰਜਨ ਸਥਾਨ ਆਦਿ ਉੱਤੇ ਸੂਚਕ ਬੋਰਡ ਪੰਜਾਬੀ ਵਿੱਚ ਵੀ ਲਗਾਉਣੇ ਲਾਜ਼ਮੀ ਬਣਾਏ ਜਾਣ ਅਤੇ ਹਰ ਫਰਮ ਵੱਲੋਂ ਗਾਹਕਾਂ/ਖੱਪਤਕਾਰਾਂ ਲਈ ਆਪਣੇ ਉਤਪਾਦਾਂ ਦੇ ਲੇਬਲ ਅਤੇ ਵਰਤੋਂ ਬਾਰੇ ਜਾਣਕਾਰੀ ਦਿੰਦੇ ਪਰਚੇ ਪੰਜਾਬੀ ਵਿੱਚ ਵੀ ਮੁਹੱਈਆ ਕਰਵਾਏ ਜਾਣ।


**Sidhu Accounting & Financial Services**

Accounting Services
- Personal Tax Returns
- Corporate Tax Returns
- Computerized Bookkeeping
- T4's
- Record of Employment

Financial Services
- RRSP
- Life Insurance
  - Term Life
  - Universal Life
- Critical Illness Insurance
- Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Westwinds Drive NE. Calgary AB T3J 3Z5



**NORTHEAST AUTOMOTIVE**

Bring your vehicle into NorthEast Automotive and be on smoother, stress free roads

First Choice for Engine Repair

ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।

Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038



**PEEL FINANCIAL** LEASING & FINANCE

Experts in
Commercial & Industrial Finance
Heavy Equipment Tranportation

ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ

Jatinder Gill
Jay@peelfinancial.ca
306 880 3869 (Winnipeg)

ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।

Davinder Gill
Lease Account Manager
dave@peelfinancial.ca
306 490 2205



ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ

**BLACK DIAMOND**
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127

ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।

ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ



**SUPERVISA INSURANCE**

RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE

Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE

NAVDEEP JASWAL
Financial Advisor
403 909 4141



**INDIA PALACE**
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4



**Punjabi Chulha ਪੰਜਾਬੀ ਚੁੱਲ੍ਹਾ** Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



ਅੱਖਾਂ ਵੀ ਖੋਲ੍ਹਣੀਆਂ ਪੈਂਦੀਆਂ ਹਨ, ਉਜਾਲੇ ਲਈ ਸਿਰਫ ਸੂਰਜ ਦੇ ਨਿਕਲਣ ਨਾਲ ਹੀ ਹਨ੍ਹੇਰਾ ਨਹੀਂ ਜਾਂਦਾ।

# ਕਿਸਾਨੀ ਘੋਲ ਅਤੇ ਇਸ ਦੌਰਾਨ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ। ਸਿਆਸੀ ਪਾਰਟੀਆਂ ਉਤਾਵਲੀਆਂ ਹਨ ਕਿ ਕਿਵੇਂ ਨਾ ਕਿਵੇਂ ਪਿੰਡਾਂ ਜਾਂ ਸ਼ਹਿਰਾਂ ਵਿੱਚ ਜਾ ਕੇ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਜਾਵੇ। ਪਰ ਕਿਸਾਨ ਜਥੇਬੰਦੀਆਂ ਸਿਆਸੀ ਪਾਰਟੀਆਂ ਦਾ ਵਿਰੋਧ ਕਰ ਰਹੀਆਂ ਹਨ। ਇਸ ਕਾਰਨ ਕਈ ਟਕਰਾਓ ਪੈਦਾ ਹੋ ਗਏ ਹਨ। ਤਿੰਨ ਖੇਤੀ ਕਾਨੂੰਨ ਵਾਪਸ ਲੈਣ ਅਤੇ ਘੱਟੋ-ਘੱਟ ਸਮਰਥਨ ਮੁੱਲ ਉੱਤੇ ਫ਼ਸਲਾਂ ਦੀ ਖਰੀਦ ਦੀ ਗਰੰਟੀ ਦੀਆਂ ਮੰਗਾਂ ਨੂੰ ਲੈ ਕੇ ਲੱਗਭੱਗ ਇੱਕ ਸਾਲ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਸਿਆਸੀ ਧਿਰਾਂ ਦੇ ਟਕਰਾਅ ਦੀਆਂ ਘਟਨਾਵਾਂ ਵਧ ਰਹੀਆਂ ਹਨ। ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਵਿਚ ਭਾਜਪਾ ਦੇ ਆਗੂਆਂ ਦਾ ਘਿਰਾਓ ਕਰਨ ਦਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤਾ ਸੱਦਾ ਅਮਲ ਵਿਚ ਆ ਰਿਹਾ ਹੈ ਪਰ ਅਨੇਕਾਂ ਥਾਵਾਂ ਉੱਤੇ ਕਈ ਅਣਸੁਖਾਵੀਆਂ ਘਟਨਾਵਾਂ ਹੋ ਰਹੀਆਂ ਹਨ। ਕਰਨਾਲ ਵਿੱਚ ਐੱਸਡੀਐੱਮ ਦੀ ਕਿਸਾਨਾਂ ਦਾ ਸਿਰ ਭੰਨਣ ਦੇਣ ਦੀਆਂ ਹਦਾਇਤਾਂ ਵਾਲੀ ਵੀਡੀਓ ਵਾਇਰਲ ਹੋਣ ਅਤੇ ਇਸ ਪਿੱਛੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਆਪਣੇ ਸਮਰਥਕਾਂ ਨੂੰ ਲੱਠ ਉਠਾਉਣ ਦੀ ਨਸੀਹਤ ਸੱਤਾਧਾਰੀ ਧਿਰ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਰਹੀਆਂ ਹਨ। ਲਖੀਮਪੁਰ ਖੀਰੀ ਵਿਖੇ ਨਿਰਦੋਸ਼ ਕਿਸਾਨਾਂ ਉੱਤੇ ਮੰਤਰੀ ਦੀ ਚੜ੍ਹੀ ਗੱਡੀ ਨੇ ਸੱਤਾ ਦੇ ਕਰੂਪ ਚਿਹਰੇ ਨੂੰ ਨੰਗਾ ਕਰ ਦਿੱਤਾ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਭਾਵੇਂ ਇਹ ਕਹਿੰਦਾ ਰਿਹਾ ਕਿ ਉਸ ਦਾ ਪੁੱਤਰ ਆਸ਼ੀਸ਼ ਮਿਸ਼ਰਾ ਘਟਨਾ ਵਾਲੀ ਥਾਂ ਉੱਤੇ ਨਹੀਂ ਸੀ ਪਰ ਹੁਣ ਉਸ ਦੀਆਂ ਆਪਣੀਆਂ ਰਾਈਫਲਾਂ ਵਿਚੋਂ ਗੋਲੀ ਚੱਲਣ ਦੀ ਪੁਸ਼ਟੀ ਕਿਸਾਨਾਂ ਦੇ ਇਲਜ਼ਾਮਾਂ ਨੂੰ ਸਾਬਤ ਕਰਨ ਦਾ ਆਧਾਰ ਬਣ ਸਕਦੀ ਹੈ। ਸੁਪਰੀਮ ਕੋਰਟ ਨੇ ਸਰਕਾਰ ਦੀ ਹੁਣ ਤੱਕ ਦੀ ਜਾਂਚ ਬਾਰੇ ਅਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਹੈ।

ਯੂਪੀ ਹੀ ਨਹੀਂ ਪੰਜਾਬ ਦੇ ਸ਼ਹਿਰ ਫਿਰੋਜ਼ਪੁਰ ਵਿੱਚ ਵੀ ਲਖੀਮਪੁਰ ਖੀਰੀ ਵਰਗੀ ਘਟਨਾ ਵਾਪਰਨ ਤੋਂ ਬਚਾਅ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਦੌਰੇ ਸਮੇਂ ਕਿਸਾਨ ਇਨ੍ਹਾਂ ਆਗੂਆਂ ਤੋਂ ਸਵਾਲ ਪੁੱਛਣਾ ਚਾਹੁੰਦੇ ਸਨ ਪਰ ਟਕਰਾਅ ਦੀ ਨੌਬਤ ਆ ਗਈ। ਸਥਾਨਕ ਅਕਾਲੀ ਆਗੂ ਵਰਦੇਵ ਸਿੰਘ ਨੋਨੀ ਮਾਨ ਦੀ ਫਾਰਚੂਨਰ ਗੱਡੀ ਦਾ ਘਿਰਾਓ ਕੀਤਾ ਗਿਆ ਅਤੇ ਦੋ ਕਿਸਾਨ ਬੋਨਟ ਉੱਤੇ ਚੜ੍ਹ ਗਏ। ਗੱਡੀ ਰੋਕ ਕੇ ਗੱਲਬਾਤ ਕਰਨ ਦੀ ਬਜਾਇ ਡਰਾਈਵਰ ਨੇ ਗੱਡੀ ਭਜਾ ਲਈ ਜਿਸ ਨਾਲ ਇੱਕ ਕਿਸਾਨ ਦੇ ਸੱਟ ਵੀ ਵੱਜੀ ਅਤੇ ਕਿਸਾਨਾਂ ਨੇ ਗੱਡੀ ਦੀ ਭੰਨ-ਤੋੜ ਕਰ ਦਿੱਤੀ। ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ। ਨੋਨੀ ਮਾਨ ਦੇ ਅੰਗ ਰੱਖਿਅਕਾਂ ਨੇ ਹਵਾ ਵਿਚ ਗੋਲੀਆਂ ਵੀ ਚਲਾਈਆਂ। ਅਕਾਲੀ ਦਲ ਨੇ ਕਾਂਗਰਸੀ ਵਿਧਾਇਕ ਉੱਤੇ ਦੋਸ਼ ਲਗਾਇਆ ਹੈ ਕਿ ਉਸ ਦੀ ਸ਼ਹਿ ਉੱਤੇ ਅਜਿਹਾ ਹੋਇਆ ਪਰ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਇਸ ਆਗੂ ਨੇ ਕੁੱਝ ਸਮਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਹਮਣੇ ਵੀ ਸੁਆਲ ਰੱਖੇ ਸਨ।

ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪਾਰਟੀਆਂ ਨੂੰ ਰੈਲੀਆਂ ਜਾਂ ਰੋਡ ਸ਼ੋਅ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਸੀ। ਇਸ ਨੂੰ ਉਨ੍ਹਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਖਿਲਾਫ਼ ਵੀ ਪੇਸ਼ ਕੀਤਾ ਗਿਆ। ਦੇਸ਼ ਵਿਚ, ਖ਼ਾਸ ਤੌਰ ਉੱਤੇ ਪੰਜਾਬ ਵਿਚ ਸੰਵਾਦ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਨਹੀਂ ਹੋਈ ਅਤੇ ਨਾ ਹੀ ਇਸ ਵਾਸਤੇ ਆਗੂਆਂ ਤੇ ਲੋਕਾਂ ਨੂੰ ਕੋਈ ਸਿਖਲਾਈ ਮਿਲਦੀ ਹੈ। ਸ਼ੁਰੂ ਹੋਈ ਗੱਲਬਾਤ ਜਲਦ ਹੀ ਤਲਖ਼ ਕਲਾਮੀ ਤੱਕ ਪੁੱਜ ਜਾਂਦੀ ਹੈ। ਵਿਧਾਨ ਸਭਾ ਵਿੱਚ ਮੰਤਰੀਆਂ ਅਤੇ ਵਿਧਾਇਕਾਂ ਦੀ ਸ਼ਬਦਾਵਲੀ ਦੇਖੀ ਜਾਵੇ ਤਾਂ ਇਹ ਆਮ ਵਿਚਾਰ ਚਰਚਾ ਤੋਂ ਵੀ ਹੇਠਲੀ ਪੱਧਰ ਤੱਕ ਚਲੀ ਗਈ ਹੈ। ਦੇਸ਼ ਦੇ ਸਿਆਸਤਦਾਨ ਨੂੰ ਲੰਮੇ ਸਮੇਂ ਤੋਂ ਜੀ ਹਜ਼ੂਰੀ ਵਾਲੇ ਸੱਭਿਆਚਾਰ ਦੀ ਇੱਕਪਾਸੜ ਸਿਆਸਤ ਦੀ ਆਦਤ ਪਈ ਹੋਈ ਹੈ। ਬਦਲੇ ਹੋਏ ਮਾਹੌਲ ਵਿੱਚ ਲੋਕ, ਖ਼ਾਸ ਤੌਰ ਉੱਤੇ ਕਿਸਾਨ ਜੇਕਰ ਸਵਾਲ ਕਰਦੇ ਹਨ ਤਾਂ ਅਸਲ ਵਿਚ ਉਹ ਆਗੂਆਂ ਅਤੇ ਪਾਰਟੀਆਂ ਨੂੰ ਜਵਾਬਦੇਹ ਬਣਾਉਣ ਦਾ ਹੀ ਅਮਲ ਹੈ। ਇਸ ਸੰਵਾਦ ਨੂੰ ਸੰਸਥਾਈ ਰੂਪ ਦੇਣ ਦੀ ਲੋੜ ।

**ਸੁਖਜਿੰਦਰ ਸਮਰਾ**
ਮੋ. 95835-92000

**403 640 2000**
**punjabiakhbaar@gmail.com**


This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ , ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਕੌੜੀ ਵੇਲ ਵਾਂਗਰ ਵਧ ਰਹੇ ਚੋਣ-ਖ਼ਰਚੇ



ਗੁਰਮੀਤ ਸਿੰਘ ਪਲਾਹੀ

ਗਰੀਬ ਦੇਸ਼ ਭਾਰਤ ! ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਭਾਰਤ !! ਜਿਥੋਂ ਦੀ ਆਬਾਦੀ ਦਾ ਵੱਡਾ ਹਿੱਸਾ, ਮਨੁੱਖ ਨੂੰ ਮਿਲਣ ਵਾਲੀਆਂ ਘੱਟੋ-ਘੱਟ ਬੁਨਿਆਦੀ ਸਹੂਲਤਾਂ ਖ਼ਾਸ ਕਰਕੇ ਸਿਹਤ, ਸਿੱਖਿਆ ਸਹੂਲਤਾਂ ਪ੍ਰਾਪਤ ਤੋਂ ਵੀ ਵਿਰਵਾ ਹੈ। ਜਿਸਦੀ 25 ਕਰੋੜ ਦੀ ਆਬਾਦੀ ਭੁੱਖ ਨਾਲ ਘੁਲਦੀ ਹੈ ਅਤੇ ਜਿਸਨੂੰ ਮਸਾਂ ਇੱਕ ਡੰਗ ਰੋਟੀ ਦਿਨ 'ਚ ਨਸੀਬ ਹੁੰਦੀ ਹੈ।

ਉਸ ਦੇਸ਼ ਦੇ ਲੋਕ ਵੱਡੇ ਚੋਣ ਖ਼ਰਚੇ ਵਿਚੋਂ ਲੰਘਕੇ ਆਪਣੀ ਦੇਸ਼ ਦੀ ਸਰਕਾਰ ਚੁਣਦੇ ਹਨ, ਜਿਹੜੀ ਕਈ ਦਹਾਕਿਆਂ ਤੋਂ ਕਲਿਆਣਕਾਰੀ ਸਰਕਾਰ ਨਹੀਂ ਕਹਾ ਸਕੀ।

ਸੈਂਟਰ ਫਾਰ ਮੀਡੀਆ ਸਟੱਡੀਜ਼ ਨਵੀਂ ਦਿੱਲੀ ਅਨੁਸਾਰ ਪਿਛਲੀਆਂ ਭਾਰਤੀ ਲੋਕ ਸਭਾ ਚੋਣਾਂ ਉਤੇ 50,000 ਕਰੋੜ ਰੁਪਏ ਦਾ ਖ਼ਰਚਾ ਹੋਇਆ, ਜੋ 7 ਬਿਲੀਅਨ ਡਾਲਰ ਆਂਕਿਆ ਗਿਆ। ਜਦਕਿ ਅਮਰੀਕਾ ਜੋ ਸਭ ਤੋਂ ਵੱਧ ਚੋਣ ਖ਼ਰਚੇ ਕਰਨ ਲਈ ਗਿਣਿਆ ਜਾਂਦਾ ਸੀ, ਉਸਨੇ ਰਾਸ਼ਟਰਪਤੀ ਚੋਣਾਂ 'ਚ 6.5 ਬਿਲੀਅਨ ਡਾਲਰ ਖ਼ਰਚ ਕੀਤੇ ਸਨ। ਭਾਰਤ 'ਚ ਸਾਲ 2014 ਦੀਆਂ ਲੋਕ ਸਭਾ ਚੋਣਾਂ 'ਚ 5 ਬਿਲੀਅਨ ਡਾਲਰ ਖ਼ਰਚ ਹੋਏ ਸਨ ਅਤੇ ਐਂਤਕਾਂ 2019 ਲੋਕ ਸਭਾ ਚੋਣਾਂ ਦਾ ਖ਼ਰਚਾ ਪਿਛਲੇ ਚੋਣ ਖ਼ਰਚੇ ਨਾਲੋਂ 40 ਫ਼ੀਸਦੀ ਵੱਧ ਹੈ। ਇੱਕ ਅੰਦਾਜ਼ੇ ਅਨੁਸਾਰ ਦੇਸ਼ ਵਿੱਚ ਇਹ ਚੋਣ ਖ਼ਰਚਾ 8 ਡਾਲਰ (640 ਰੁਪਏ) ਪ੍ਰਤੀ ਵੋਟਰ ਸੀ ਜਦਕਿ ਭਾਰਤ ਦੇ ਇੱਕ ਜੀਅ ਦੀ ਦਿਹਾੜੀ ਦੀ ਆਮਦਨ ਅੰਦਾਜ਼ਨ ਤਿੰਨ ਡਾਲਰ(240 ਰੁਪਏ ਪ੍ਰਤੀ ਦਿਨ) ਆਂਕੀ ਗਈ ਹੈ।

ਚੋਣ ਖ਼ਰਚਾ ਇੱਕ ਇਹੋ ਜਿਹਾ ਮੁੱਦਾ ਹੈ, ਜਿਸ ਵਿੱਚ ਚੋਣ ਕਮਿਸ਼ਨ, ਸਿਆਸੀ ਦਲ ਅਤੇ ਭਾਰਤ ਸਰਕਾਰ ਤਿੰਨਾਂ ਦੇ ਹੀ ਆਪੋ-ਆਪਣੇ ਦ੍ਰਿਸ਼ਟੀਕੋਨ ਹਨ। ਸਿਧਾਂਤਕ ਤੌਰ ਤੇ ਮੰਨਿਆ ਗਿਆ ਹੈ ਕਿ ਚੋਣਾਂ 'ਚ ਹਿੱਸਾ ਲੈਣ ਜਾਂ ਚੋਣ ਲੜਨ ਦਾ ਹੱਕ ਦੇਸ਼ ਦੇ ਹਰ ਨਾਗਰਿਕ ਨੂੰ ਹੈ। ਇਸ ਲਈ ਸਭ ਨੂੰ ਬਰਾਬਰ ਮੌਕੇ ਦੇਣ ਦੇ ਲਿਹਾਜ ਨਾਲ ਚੋਣ ਜ਼ਾਬਤੇ ਦੇ ਤਹਿਤ ਉਮੀਦਵਾਰ ਲਈ ਖ਼ਰਚ ਦੀ ਸੀਮਾ ਨਿਰਧਾਰਤ ਕੀਤੀ ਗਈ ਹੈ, ਤਾਂਕਿ ਇੰਜ ਨਾ ਹੋਵੇ ਕਿ ਆਰਥਿਕ ਹਾਲਾਤ ਦੇ ਬਲਬੂਤੇ ਧਨੀ ਲੋਕ ਚੋਣ ਜਿੱਤ ਜਾਣ ਅਤੇ ਗਰੀਬ ਅਤੇ ਸਧਾਰਨ ਵਰਗ ਦੇ ਲੋਕ ਇਸ ਮੁਕਾਬਲੇ 'ਚ ਪੱਛੜ ਜਾਣ। ਕੇਂਦਰੀ ਕਾਨੂੰਨ ਮਨਿਸਟਰੀ ਵਲੋਂ ਸੰਵਿਧਾਨ ਦੀ ਧਾਰਾ/ਨਿਯਮ-1961 ਦੇ ਪ੍ਰਾਵਾਧਾਨ-90 'ਚ ਸੋਧ ਕਰਦੇ ਹੋਏ ਚੋਣ ਖ਼ਰਚੇ ਦੀ ਸੀਮਾ 'ਚ ਦਸ ਫ਼ੀਸਦੀ ਦਾ ਵਾਧਾ ਕੀਤਾ ਜਾ ਰਿਹਾ ਹੈ ਅਤੇ ਇਸਦੇ ਪਿੱਛੇ ਕਾਰਨ ਕਰੋਨਾ ਮਹਾਂਮਾਰੀ ਨੂੰ ਦੱਸਿਆ ਗਿਆ ਹੈ। ਇਸਦੇ ਅਨੁਸਾਰ ਲੋਕ ਸਭਾ ਚੋਣਾਂ ਲਈ ਵੱਧ ਤੋਂ ਵੱਧ ਖ਼ਰਚ 70 ਲੱਖ ਤੋਂ ਵਧਾਕੇ 77ਲੱਖ ਅਤੇ ਵਿਧਾਨ ਸਭਾ ਚੋਣਾਂ ਦੇ ਲਈ 28 ਲੱਖ ਤੋਂ ਵਧਾਕੇ 31 ਲੱਖ 75 ਹਜ਼ਾਰ ਕਰਨਾ ਤਹਿ ਕੀਤਾ ਹੈ। ਇਸ ਤੋਂ ਪਹਿਲਾਂ ਚੋਣ ਖ਼ਰਚ ਦੀ ਸੀਮਾ 2014 'ਚ ਵਧਾਈ ਗਈ ਸੀ।

ਭਾਵੇਂ ਕਿ ਚੋਣ ਆਯੋਗ ਨੇ ਚੋਣ ਖ਼ਰਚੇ ਦੀ ਸੀਮਾ ਉਤੇ ਕੰਟਰੋਲ ਲਈ ਨਿਯਮ ਤਹਿ ਕੀਤੇ ਹੋਏ ਹਨ, ਜਿਸ ਅਨੁਸਾਰ ਉਮੀਦਵਾਰਾਂ ਦੇ ਖ਼ਰਚੇ ਦੇ ਰਜਿਸਟਰਾਰ ਦੀ ਜਾਂਚ,ਨਿਰੀਖਣ ਕਰਨਾ,ਵੀਡੀਓ ਗ੍ਰਾਫੀ ਆਦਿ ਕਰਨਾ ਸ਼ਾਮਲ ਹੈ। ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਸਾਰੇ ਯਤਨਾਂ ਦੇ ਬਾਵਜੂਦ ਚੋਣਾਂ ਵਿੱਚ ਧਨ ਦਾ ਇਸਤੇਮਾਲ ਸਾਰੀਆਂ ਹੱਦਾਂ-ਬੰਨੇ ਟੱਪ ਚੁੱਕਾ ਹੈ।

ਚੋਣ ਖ਼ਰਚਾ ਕੰਟਰੋਲ ਤੋਂ ਬਚਣ ਲਈ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਨਵੇਂ ਉਪਾਅ ਕੱਢੇ ਹੋਏ ਹਨ ਅਤੇ ਸਾਰੀਆਂ ਸਿਆਸੀ ਧਿਰਾਂ ਖ਼ਰਚਿਆਂ ਦੇ ਹੱਦਾਂ-ਬੰਨੇ ਟੱਪ ਦਿੰਦੀਆਂ ਹਨ। ਆਮ ਤੌਰ 'ਤੇ ਉਮੀਦਵਾਰਾਂ ਉਤੇ ਤਹਿ ਸੀਮਾ 'ਚ ਵਾਧੂ ਖ਼ਰਚਾ ਕਰਨ ਦੀ ਦਲੀਲ ਇਹ ਦਿੰਦੇ ਹਨ ਕਿ ਖ਼ਰਚਾ-ਸੀਮਾ ਵਧਾਈ ਜਾਣੀ ਚਾਹੀਦੀ ਹੈ ਤਾਂ ਕਿ ਉਹਨਾ ਨੂੰ ਝੂਠੇ ਹਲਫ਼ਨਾਮੇ ਨਾ ਦੇਣੇ ਪੈਣ।

ਅਸਲ 'ਚ ਭਾਰਤ ਦੇ ਲੋਕਤੰਤਰ ਨੂੰ ਧਨ-ਬਲ ਦੇ ਅਸਰ ਨਾਲ ਕਈ ਔਖਿਆਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦਾ ਸਭ ਤੋਂ ਬੁਰਾ ਪ੍ਰਭਾਵ ਭ੍ਰਿਸ਼ਟਾਚਾਰ ਵਿੱਚ ਵਾਧਾ ਹੈ ਜਾਂ ਕਹੀਏ ਕਿ ਭ੍ਰਿਸ਼ਟਾਚਾਰ ਨੂੰ ਮਾਨਤਾ ਮਿਲ ਰਹੀ ਹੈ। ਕਰੋੜਾਂ ਖ਼ਰਚਕੇ ਚੋਣਾਂ ਜਿੱਤਣ ਵਾਲੇ ਜਨ ਸੇਵਾ ਦੇ ਭਾਵ ਨਾਲ ਤਾਂ ਸਿਆਸਤ ਵਿੱਚ ਆਉਂਦੇ ਨਹੀਂ। ਉਹਨਾ ਦਾ ਮੁਢਲਾ ਮੰਤਵ ਤਾਂ ਆਪਣੇ ਖ਼ਰਚ ਹੋਏ ਪੈਸੇ ਬਟੋਰਨਾ ਅਤੇ ਅਗਲੀਆਂ ਚੋਣਾਂ ਲਈ ਧੰਨ ਇਕੱਠਾ ਕਰਨਾ ਹੁੰਦਾ ਹੈ।

ਭਾਰਤ ਵਿੱਚ ਲੋਕਤੰਤਰ ਉਤੇ ਧਨ ਦਾ ਦਬਾਅ ਲਗਾਤਾਰ ਵੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੀਆਂ ਪਹਿਲੀਆਂ ਤਿੰਨ ਲੋਕ ਸਭਾ ਚੋਣਾਂ 'ਚ ਖ਼ਰਚਾ ਪ੍ਰਤੀ ਸਾਲ ਲਗਭਗ ਦਸ ਹਜ਼ਾਰ ਕਰੋੜ ਸੀ। ਸਾਲ 2009 'ਚ ਲੋਕ ਸਭਾ ਚੋਣਾਂ 'ਚ ਖ਼ਰਚਾ 20,000 ਕਰੋੜ ਸੀ। ਇਹ 2014 'ਚ ਵੱਧ ਕੇ 30,000 ਕਰੋੜ ਹੋ ਗਿਆ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇੱਕ ਕਰੋੜ ਤੋਂ ਵੱਧ ਜਾਇਦਾਦ ਵਾਲੇ ਲੋਕ ਸਭਾ ਮੈਂਬਰਾਂ ਦੀ 2009 'ਚ ਗਿਣਤੀ 58 ਫ਼ੀਸਦੀ ਸੀ, ਜੋ 2014 'ਚ 82 ਫ਼ੀਸਦੀ ਅਤੇ 2019 'ਚ ਵਧਕੇ 88 ਫ਼ੀਸਦੀ ਹੋ ਗਈ। ਹੋਰ ਪ੍ਰਾਪਤ ਅੰਕੜਿਆਂ ਅਨੁਸਾਰ ਦੁਬਾਰਾ ਨਿਰਵਾਚਿਤ 2019 ਅਨੁਸਾਰ ਲੋਕ ਸਭਾ ਮੈਂਬਰਾਂ ਦੀ ਜਾਇਦਾਦ 'ਚ ਔਸਤਨ 39 ਫ਼ੀਸਦੀ ਵਾਧਾ ਹੋਇਆ। ਇਹ ਵੀ ਵਰਨਣਯੋਗ ਹੈ ਕਿ 2009 ਵਿੱਚ ਲੋਕ ਸਭਾ ਚੋਣਾਂ 'ਚ ਖ਼ਰਚੇ ਦੀ ਸੀਮਾ 2009 'ਚ 25 ਲੱਖ, 2011 'ਚ 40ਲੱਖ ਅਤੇ 2014 'ਚ 70 ਲੱਖ ਕਰ ਦਿੱਤੀ ਗਈ। 27 ਜੂਨ 2013 ਨੂੰ ਇੱਕ ਵੱਡੇ ਸਿਆਸੀ ਨੇਤਾ, ਜੋ ਕੇਂਦਰੀ ਮੰਤਰੀ ਵੀ ਬਣਿਆ ਨੇ ਇੱਕ ਪਬਲਿਕ ਮੀਟਿੰਗ 'ਚ ਕਿਹਾ ਕਿ ਉਸਨੇ ਸਾਲ 2009 ਦੀ ਚੋਣ ਜਿੱਤਣ ਲਈ 8 ਕਰੋੜ ਰੁਪਏ ਖ਼ਰਚੇ ਸਨ, ਜਦਕਿ ਖ਼ਰਚ ਸੀਮਾ 25 ਲੱਖ ਸੀ ਏ.ਡੀ.ਆਰ. (ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰੀਫਾਰਮਜ਼) ਨੇ 2009 ਦੇ ਦਿੱਤੇ ਉਮੀਦਵਾਰਾਂ ਦੇ 5773 ਹਲਫ਼ਨਾਮੇ ਪਰਖੇ, ਜਿਹੜੇ ਕਹਿੰਦੇ ਹਨ ਕਿ ਉਹਨਾ ਨੀਅਤ ਸੀਮਾ ਤੋਂ ਵੱਧ ਨਹੀਂ ਖ਼ਰਚੇ, ਜਦਕਿ ਇਹ ਇੱਕ ਵੱਡਾ ਝੂਠ ਹੈ। ਇਹ ਸਭ ਕੁਝ ਦਸਦਾ ਹੈ ਕਿ ਜੇਕਰ ਸਧਾਰਨ ਆਰਥਿਕ ਪਿੱਠ-ਭੂਮੀ ਵਾਲਾ ਜਨ ਸੇਵਕ ਇਹ ਚੋਣਾਂ ਲੜਨਾ ਚਾਹੁੰਦਾ ਹੈ, ਤਾਂ ਇਹ ਅਸੰਭਵ ਹੈ।

ਦੇਸ਼ ਵਿੱਚ ਸਿਆਸੀ ਦਲਾਂ ਦੇ ਫੰਡਾਂ ਅਤੇ ਉਹਨਾ ਦੇ ਸਰੋਤਾਂ 'ਚ ਵੱਡਾ ਵਾਧਾ ਹੋ ਰਿਹਾ ਹੈ। ਭਾਜਪਾ ਦੁਨੀਆ 'ਚ ਸਭ ਤੋਂ ਵੱਡੀ ਸਿਆਸੀ ਪਾਰਟੀ ਬਣ ਚੁੱਕੀ ਹੈ। ਅਤੇ ਉਸਨੇ ਕਾਰਪੋਰੇਟਾਂ ਅਤੇ ਹੋਰ ਸਰੋਤਾਂ ਤੋਂ ਬੇਅੰਤ ਮਾਇਆ ਆਪਣੇ ਖ਼ਾਤਿਆਂ 'ਚ ਇਕੱਤਰ ਕਰ ਲਈ ਹੈ। ਜਿਸ ਦੀ ਵਰਤੋਂ ਉਸ ਵਲੋਂ ਚੋਣਾਂ ਦੇ ਪ੍ਰਚਾਰ ਅਤੇ ਰੈਲੀਆਂ ਉਤੇ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਹੈ।

ਦੇਸ਼ ਦੀ ਸੁਪਰੀਮ ਕੋਰਟ ਨੇ ਇੱਕ ਫ਼ੈਸਲੇ ਅਨੁਸਾਰ ਸਿਆਸੀ ਦਲਾਂ ਵਲੋਂ ਕੀਤੇ ਗਏ ਖ਼ਰਚੇ ਉਤੇ ਕੁਝ ਟਿੱਪਣੀਆਂ ਅਤੇ ਫ਼ੈਸਲੇ ਕੀਤੇ ਸਨ ਪਰ ਕੇਂਦਰ ਸਰਕਾਰ ਨੇ ਆਪਣੀ ਸੰਵਿਧਾਨਿਕ ਤਾਕਤ ਦੀ ਵਰਤੋਂ ਕਰਕੇ ਇਸ ਫ਼ੈਸਲੇ ਨੂੰ ਪਲਟ ਦਿੱਤੀ। ਕਿਉਂਕਿ ਲਗਭਗ ਸਾਰੀਆਂ ਪਾਰਟੀਆਂ "ਹਮਾਮ 'ਚ ਨੰਗੀਆਂ ਹਨ" ਅਤੇ ਕਿਸੇ ਹੀਲੇ ਵੀ ਚੋਣ ਫੰਡ ਜੁਟਾਉਣ ਤੋਂ ਪਿੱਛੇ ਨਹੀਂ ਹਟਦੀਆਂ ਤੇ ਇਸ ਮਾਮਲੇ ਤੇ ਇਕੱਠੀਆਂ ਹਨ।

ਸਾਲ 2018 'ਚ ਕੇਂਦਰ ਸਰਕਾਰ ਨੇ ਚੋਣ ਬਾਂਡ ਜਾਰੀ ਕੀਤੇ। ਸਿਆਸੀ ਦਲਾਂ ਨੂੰ ਵਿਦੇਸ਼ੀ ਸਰੋਤਾਂ ਤੋਂ ਚੰਦਾ/ਦਾਨ ਪ੍ਰਾਪਤ ਕਰਨ ਦੀ ਆਗਿਆ ਵੀ ਦੇ ਦਿੱਤੀ। ਇਸ ਅਧੀਨ ਵਿਦੇਸ਼ੀ ਅੰਸ਼ਦਾਨ ਅਧਿਨਿਯਮ 2010 'ਚ ਸੋਧ ਕਰ ਦਿੱਤੀ ਗਈ। ਇਸ ਤਹਿਤ ਵਿਦੇਸ਼ੀ ਕੰਪਨੀਆਂ ਨੂੰ ਸਿਆਸੀ ਚੰਦੇ ਉਤੇ ਰੋਕ ਸੀਮਾ ਹਟਾ ਦਿੱਤੀ ਗਈ। ਨਾਲ ਹੀ ਇਹ ਦਸਣ ਦੀ ਛੋਟ ਮਿਲ ਗਈ ਕਿ ਵਿਦੇਸ਼ੀ ਕੰਪਨੀਆਂ ਨੇ ਕਿਸ ਸਿਆਸੀ ਦਲ ਨੂੰ ਕਿੰਨਾ ਚੰਦਾ ਦਿੱਤਾ ਹੈ ?

ਅੰਕੜਿਆਂ ਅਨੁਸਾਰ ਇਕੱਲੇ ਚੋਣ ਬਾਂਡਾਂ ਤੋਂ ਭਾਜਪਾ ਨੂੰ 2019-20 'ਚ 2555 ਕਰੋੜ ਰੁਪਏ ਮਿਲੇ, ਜਦ ਕਿ ਕਾਂਗਰਸ ਨੂੰ 318 ਕਰੋੜ ਮਿਲੇ, ਤ੍ਰਿਮੂਲ ਕਾਂਗਰਸ ਨੂੰ 100 ਕਰੋੜ, ਸ਼ਰਦ ਪਵਾਰ ਦੀ ਪਾਰਟੀ ਨੈਸ਼ਨਲ ਕਾਂਗਰਸ ਨੂੰ 29.25 ਕਰੋੜ ਅਤੇ ਸ਼ਿਵ ਸੈਨਾ ਨੂੰ 41 ਕਰੋੜ ਅਤੇ ਡੀ.ਐਮ.ਕੇ. ਨੂੰ 45 ਕਰੋੜ ਮਿਲੇ।

ਮਿਲਦੇ ਵੱਡੇ ਧੰਨ ਨੇ ਸਿਆਸੀ ਪਾਰਟੀਆਂ 'ਚ ਧਨ ਬਲ ਦੀ ਵਰਤੋਂ ਵਧਾ ਦਿੱਤੀ। ਇਸ ਨਾਲ ਧਨੀ ਲੋਕਾਂ ਦਾ ਬੋਲਬਾਲਾ ਤਾਂ ਹੋਇਆ ਹੀ, ਪਰ ਨਾਲ ਦੀ ਨਾਲ ਧਨ-ਬਲ ਦੀ ਵਰਤੋਂ ਕਰਨ ਵਾਲੇ ਅਪਰਾਧਿਕ ਮਾਮਲਿਆਂ 'ਚ ਲਿਪਤ ਲੋਕਾਂ ਦੀ ਵੀ ਸਿਆਸਤ 'ਚ ਐਂਟਰੀ ਵੱਧ ਗਈ ਹੈ। ਅਪਰਾਧੀ ਲੋਕ ਚੋਣਾਂ ਜਿੱਤਕੇ "ਮਾਨਯੋਗ" ਬਣ ਜਾਂਦੇ ਹਨ, ਜਿਸ ਵਿੱਚ ਉਹਨਾ ਨੂੰ ਕਾਨੂੰਨ ਅਤੇ ਪ੍ਰਸ਼ਾਸ਼ਨ 'ਚ ਪਹਿਲ ਮਿਲ ਜਾਂਦੀ ਹੈ ਜਿਸਦੇ ਪ੍ਰਭਾਵ ਨਾਲ ਉਹ ਆਪਣੇ ਅਪਰਾਧਿਕ ਮਾਮਲਿਆਂ 'ਚ ਬਚਾਅ ਕਰ ਲੈਂਦੇ ਹਨ। ਸਾਲ 2019 'ਚ ਚੋਣਾਂ ਵਿੱਚ ਅਪਰਾਧਿਕ ਮਾਮਲਿਆਂ ਦੇ ਦੋਸ਼ੀ 29 ਫ਼ੀਸਦੀ ਜੇਤੂ ਰਹੇ। 2014 'ਚ ਵਧਕੇ ਇਹ 43 ਫ਼ੀਸਦੀ ਹੋ ਗਏ।

ਸੋਸ਼ਲ ਮੀਡੀਆ ਨੇ ਚੋਣ ਮੁਹਿੰਮ 'ਚ ਬਦਲਾਅ ਅਤੇ ਖ਼ਰਚੇ 'ਚ ਅੰਤਾਂ ਦਾ ਵਾਧਾ ਕੀਤਾ ਹੈ। 2019 'ਚ ਲੋਕ ਸਭਾ ਚੋਣਾਂ 'ਚ 5000 ਕਰੋੜ ਰੁਪਏ ਖ਼ਰਚ ਹੋਏ ਜਦ ਕਿ 2014 'ਚ ਇਹ ਖ਼ਰਚਾ 250 ਕਰੋੜ ਸੀ। ਹੈਲੀਕਾਪਟਰਾਂ, ਬੱਸਾਂ ਅਤੇ ਟ੍ਰਾਂਸਪੋਰਟ ਦੇ ਹੋਰ ਤੇਜ ਸਾਧਨਾਂ ਦੀ ਸਿਆਸੀ ਨੇਤਾਵਾਂ ਨੇ ਭਰਪੂਰ ਵਰਤੋਂ ਕੀਤੀ।

ਸਿਆਸੀ ਚੋਣ ਪ੍ਰਚਾਰ ਦੇ ਨਾਲ-ਨਾਲ ਵੋਟਰਾਂ ਲਈ ਤੋਹਫ਼ਿਆਂ ਦੀ ਵੰਡ ਸ਼ਰੇਆਮ ਹੋਣ ਲੱਗੀ ਹੈ। 90 ਫ਼ੀਸਦੀ ਸਿਆਸੀ ਨੇਤਾ ਇਹ ਗੱਲ ਮੰਨਦੇ ਹਨ ਕਿ ਉਹ ਨਕਦੀ, ਸ਼ਰਾਬ ਅਤੇ ਟੀ.ਵੀ., ਮੋਟਰਸਾਈਕਲ ਆਦਿ ਤੋਹਫ਼ਿਆਂ ਦੀ ਵਰਤੋਂ ਵੋਟਾਂ ਖਰੀਦਣ ਲਈ ਕਰਦੇ ਹਨ। ਸਾਲ 2019 'ਚ ਚੋਣਾਂ ਦੌਰਾਨ 1.3 ਬਿਲੀਅਨ ਰੁਪਏ ਦੀ ਨਕਦੀ, ਸੋਨਾ, ਸ਼ਰਾਬ ਅਤੇ ਹੋਰ ਨਸ਼ੇ ਇਕੱਲੇ ਕਰਨਾਟਕ ਵਿੱਚ ਹੀ ਚੋਣ ਕਮਿਸ਼ਨ ਨੇ ਜ਼ਬਤ ਕੀਤੇ। ਆਖ਼ਰ ਇਹ ਪੈਸਾ ਕਿਥੋਂ ਆਉਂਦਾ ਹੈ ? ਵੱਡੀਆਂ ਸਿਆਸੀ ਪਾਰਟੀਆਂ ਤੇ ਮਾਰਚ 2018 'ਚ ਇਹ ਘੋਸ਼ਣਾਵਾਂ ਕੀਤੀਆਂ ਕਿ ਉਹਨਾ ਨੂੰ ਮਾਰਚ 2018'ਚ 13 ਮਿਲੀਅਨ ਰੁਪਏ ਚੰਦੇ/ਧਨ ਦੇ ਰੂਪ 'ਚ ਮਿਲੇ।

ਇਜੋ ਜਿਹੀਆਂ ਪ੍ਰਾਪਤ ਰਕਮਾਂ ਸਿਆਸੀ ਪਾਰਟੀਆਂ ਵਲੋਂ ਆਪਣੀਆਂ ਪਾਰਟੀਆਂ ਦੇ ਚੋਣ ਪ੍ਰਚਾਰ ਲਈ ਵਰਤੀਆਂ ਜਾਂਦੀਆਂ ਹਨ। ਸਾਲ 2019 'ਚ ਪ੍ਰਚਾਰ ਲਈ ਪਾਰਟੀਆਂ ਨੇ ਸਿਰਫ ਟੀ.ਵੀ. ਸਲਾਟਾਂ ਅਤੇ ਅਖ਼ਬਾਰਾਂ 'ਚ 26 ਬਿਲੀਅਨ ਰੁਪਏ ਦੇ ਇਸ਼ਤਿਹਾਰ ਦਿੱਤੇ।

ਗਰੀਬ ਦੇਸ਼ ਦੀ "ਅਮੀਰ ਸਰਕਾਰ ਨੇ ਲੋਕਾਂ ਦੇ ਸਿਰ ਕਰਜ਼ੇ ਦੀਆਂ ਪੰਡਾਂ ਚੜ੍ਹਾਉਂਦਿਆਂ ਸਾਲ 2019 ਦੇ ਚਾਲੂ ਬਜ਼ਟ ਲਈ ਚੋਣ ਕਮਿਸ਼ਨ ਦੇ ਚੋਣ ਖ਼ਰਚਿਆਂ ਲਈ 2.62 ਬਿਲੀਅਨ ਰੁਪਏ ਦਾ ਬਜ਼ਟ ਪਾਸ ਕੀਤਾ ਸੀ।

ਪਿਛਲੇ ਦੋ-ਤਿੰਨ ਦਹਾਕਿਆਂ 'ਚ ਭਾਰਤੀ ਚੋਣ ਦ੍ਰਿਸ਼ ਵਿੱਚ ਅਪਰਾਧਿਕ ਪਿੱਠ ਭੂਮੀ ਵਾਲੇ ਅਤੇ ਅਮੀਰ ਲੋਕਾਂ ਦਾ ਅੰਕੜਾ ਵਧਦਾ ਜਾ ਰਿਹਾ ਹੈ। ਇਹ ਭਾਰਤੀ ਲੋਕਤੰਤਰ ਲਈ ਗੰਭੀਰ ਵਿਸ਼ਾ ਹੈ। ਇਸ ਵਿੱਚ ਸਭ ਤੋਂ ਵੱਡਾ ਦੋਸ਼ ਸਿਆਸੀ ਦਲਾਂ ਦਾ ਹੈ, ਕਿਉਂਕਿ ਜਦ ਤੱਕ ਉਹ ਸਿਆਣੇ, ਸੂਝਵਾਨ, ਸੇਵਕ ਲੋਕਾਂ ਦੀ ਵਿਜਾਏ ਅਪਰਾਧੀਆਂ, ਅਮੀਰਾਂ ਨੂੰ ਪਹਿਲ ਦੇਣਗੇ, ਉਦੋਂ ਤੱਕ ਇਹ ਭੈੜੀਆਂ, ਨਿੰਦਣਯੋਗ ਹਾਲਤਾਂ ਬਣੀਆਂ ਰਹਿਣਗੀਆਂ।

ਸਾਲ 1974 ਵਿੱਚ ਕੰਵਰਲਾਲ ਗੁਪਤਾ ਬਨਾਮ ਅਮਰਨਾਥ ਚਾਵਲਾ ਮਾਮਲੇ 'ਚ ਸੁਪਰੀਮ ਕੋਰਟ ਨੇ ਉਮੀਦ ਜਿਤਾਈ ਸੀ ਕਿ ਕੋਈ ਵੀ ਵਿਅਕਤੀ ਜਾਂ ਸਿਆਸੀ ਦਲ ਚਾਹੇ ਉਹ ਜਿੰਨਾ ਵੀ ਛੋਟਾ ਕਿਉਂ ਨਾ ਹੋਵੇ, ਉਸਨੂੰ ਇਹ ਛੋਟ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਹੋਰ ਵਿਅਕਤੀ ਜਾਂ ਸਿਆਸੀ ਦਲ ਨਾਲ ਬਰਾਬਰੀ ਦੇ ਅਧਾਰ ਉਤੇ ਚੋਣ ਲੜ ਸਕੇ, ਚਾਹੇ ਉਹ ਕਿੰਨਾ ਵੀ ਸਮਰੱਥਵਾਨ ਕਿਉਂ ਨਾ ਹੋਵੇ ? ਕਿਸੇ ਵੀ ਵਿਅਕਤੀ ਜਾਂ ਸਿਆਸੀ ਦਲ ਨੂੰ ਉਸਦੀ ਬੇਹਤਰ ਵਿੱਤੀ ਹਾਲਤ ਦੇ ਕਾਰਨ ਦੂਸਰਿਆਂ ਤੋਂ ਜ਼ਿਆਦਾ ਲਾਭ ਨਹੀਂ ਮਿਲਣਾ ਚਾਹੀਦਾ। ਹਾਲਾਂਕਿ ਮੌਜੂਦਾ ਸਮੇਂ 'ਚ ਇਹ ਉਮੀਦ ਪੂਰੀ ਹੁੰਦੀ ਨਜ਼ਰ ਨਹੀਂ ਆ ਰਹੀ।

# ਪੰਜਾਬ ਦੇ ਕਾਂਗਰਸੀ ਆਪਣਾ ਆਲ੍ਹਣਾ ਬਣਾਉਣ ਅਤੇ ਢਾਹੁਣ ਵਿੱਚ ਮੋਹਰੀ



**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
ਮੋਬਾਈਲ-94178 13072

ਪੰਜਾਬ ਕਾਂਗਰਸ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਦਾ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ ਇਕਸੁਰਤਾ ਨਾਲ ਨਿਭਣਾ ਸ਼ੁਭ ਸੰਕੇਤ ਦੇ ਰਿਹਾ ਹੈ। ਪ੍ਰੰਤੂ ਪਿਛਲੇ ਸਮਝੌਤਿਆਂ ਦੇ ਮੱਦੇ ਨਜ਼ਰ ਇਸ ਇਕਸੁਰਤਾ ਦਾ ਲੰਬੇ ਸਮੇਂ ਲਈ ਚਲਣਾ ਅਸੰਭਵ ਲਗਦਾ ਹੈ। ਕਿਉਂਕਿ ਪੰਜਾਬ ਕਾਂਗਰਸ ਵਿੱਚ ਕੁਰਸੀ ਯੁਧ ਦਾ ਘਮਾਸਾਨ ਜ਼ੋਰ ਸ਼ੋਰ ਨਾਲ ਚਲਦਾ ਰਿਹਾ ਹੈ। ਮੁੱਖ ਮੰਤਰੀ ਬਦਲਣ ਤੋਂ ਬਾਅਦ ਵੀ ਉਹੀ ਖਿਚੋਤਾਣ ਬਰਕਰਾਰ ਰਹੀ ਹੈ। ਕਾਂਗਰਸੀ ਨੇਤਾ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਹਥਿਆਉਣ ਤੋਂ ਬਾਅਦ ਖੁਦ ਵੀ ਸਾਰੇ ਉਸੇ ਕੁਰਸੀ 'ਤੇ ਟਪੂਸੀ ਮਾਰਕੇ ਚੜ੍ਹਨ ਲਈ ਜਦੋਜਹਿਦ ਕਰ ਰਹੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਕੁਰਸੀ ਖਾਲੀ ਨਹੀਂ ਪ੍ਰੰਤੂ ਨੇਤਾ ਮੁੱਦਿਆਂ ਦੀ ਆੜ ਵਿੱਚ ਕੁਰਸੀ ਦੀ ਲੜਾਈ ਵਿੱਚ ਉਲਝੇ ਪਏ ਹਨ। ਮੁੱਖ ਮੰਤਰੀ ਨੂੰ ਬਦਲਣ ਦੀ ਮੰਗ ਸਮੇਂ, ਉਨ੍ਹਾਂ ਵੱਲੋਂ ਉਠਾਏ ਗਏ ਮੁੱਦੇ ਖੂਹ ਖਾਤੇ ਪੈ ਗਏ ਲਗਦੇ ਹਨ। ਉਨ੍ਹਾਂ ਨੂੰ ਉਦੋਂ ਵੀ ਪਤਾ ਸੀ ਕਿ ਇੰਨੇ ਥੋੜ੍ਹੇ ਸਮੇਂ ਵਿੱਚ ਸਾਰੇ ਵਾਅਦੇ ਪੂਰੇ ਨਹੀਂ ਕੀਤੇ ਜਾ ਸਕਣਗੇ ? ਮੁੱਖ ਮੰਤਰੀ ਦੀ ਕੁਰਸੀ ਖੋਹਣ ਵਿੱਚ ਤਾਂ ਸਾਰੇ ਇਕਜੁੱਟ ਸਨ ਪ੍ਰੰਤੂ ਕੁਰਸੀ 'ਤੇ ਕਾਬਜ਼ ਹੋਣ ਲਈ ਅੱਡੋ ਫਾਟੀ ਹੋ ਕੇ ਤਰਲੋਮੱਛੀ ਹੋ ਰਹੇ ਹਨ। ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਸਰਕਾਰ ਨੂੰ ਵਿਰੋਧੀਆਂ ਵੱਲੋਂ ਨਿੰਦਣਾ ਤਾਂ ਕੁਦਰਤੀ ਹੈ ਪ੍ਰੰਤੂ ਆਪਣਿਆਂ ਵੱਲੋਂ ਲੱਤਾਂ ਖਿਚਣ ਤੋਂ ਲੋਕਾਂ ਵਿੱਚ ਪ੍ਰਭਾਵ ਚਲਿਆ ਗਿਆ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਕਰਕੇ ਨਹੀਂ ਹਟਾਇਆ ਗਿਆ ਸਗੋਂ ਕੁਰਸੀ ਪ੍ਰਾਪਤ ਕਰਨਾ ਮੁੱਖ ਮੰਤਵ ਸੀ। ਚਰਨਜੀਤ ਸਿੰਘ ਚੰਨੀ ਨੇ ਆਮ ਆਦਮੀ ਦਾ ਮੁੱਖ ਮੰਤਰੀ ਬਣਕੇ ਆਮ ਆਦਮੀ ਪਾਰਟੀ ਦਾ ਏਜੰਡਾ ਖੋਹ ਲਿਆ ਹੈ। ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਦੇ ਲੋਕ ਹਿਤ ਦੇ ਫ਼ੈਸਲਿਆਂ ਦੀ ਫੂਕ ਕੱਢ ਦਿੱਤੀ ਹੈ। ਪੰਜਾਬ ਦੇ ਕਾਂਗਰਸੀ ਹਮੇਸ਼ਾ ਕਈ ਖੇਤਰਾਂ ਵਿੱਚ ਮਾਹਰਕੇ ਮਾਰਕੇ ਮੋਹਰੀ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਸਿਆਸੀ ਤਾਕਤ ਲੈਣ ਅਤੇ ਵਿਰੋਧੀ ਨੂੰ ਢਾਹੁਣ ਲਈ ਸਮਾਜਿਕ ਕਦਰਾਂ ਕੀਮਤਾਂ ਨੂੰ ਵੀ ਦਾਅ 'ਤੇ ਲਾ ਦਿੰਦੇ ਹਨ। ਸਿਆਸੀ ਤਾਕਤ ਹਥਿਆਉਣ ਲਈ ਸੀਨੀਅਰ ਨੇਤਾਵਾਂ ਨੂੰ ਮਾਈ ਬਾਪ ਤੱਕ ਕਹਿ ਦਿੰਦੇ ਹਨ। ਬਦਲਣ ਲੱਗੇ ਵੀ ਗਿਰਗਟ ਦੀ ਤਰ੍ਹਾਂ ਰੰਗ ਬਦਲ ਲੈਂਦੇ ਹਨ। ਪੰਜਾਬ ਕਾਂਗਰਸ ਦੀ ਖਿਚੋਤਾਣ ਇਸਦਾ ਜਿਉਂਦਾ ਜਾਗਦਾ ਸਬੂਤ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਸਿੱਖਾਂ ਦੇ ਸਭ ਤੋਂ ਪਵਿਤਰ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਾਂਗਰਸ ਪਾਰਟੀ ਦੀ ਕੇਂਦਰੀ ਸਰਕਾਰ ਵੱਲੋਂ ਬਲਿਊ ਸਟਾਰ ਅਪ੍ਰੇਸ਼ਨ ਕਰਕੇ ਬੇਹੁਰਮਤੀ ਕਰਨ ਤੋਂ ਬਾਅਦ ਵੀ 1992, 2002 ਅਤੇ 2017 ਵਿੱਚ ਤਿੰਨ ਵਾਰ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਈ ਗਈ। ਜਦੋਂ 2017 ਵਿੱਚ ਸਮੁੱਚੇ ਦੇਸ਼ ਵਿੱਚ ਕਾਂਗਰਸ ਪਾਰਟੀ ਦੇ ਮਾੜੇ ਦਿਨ ਸਨ, ਕਾਂਗਰਸ ਪਾਰਟੀ ਦੇ ਅਕਸ ਨੂੰ ਖ਼ੋਰਾ ਲੱਗ ਰਿਹਾ ਸੀ ਤਾਂ ਉਸ ਸਮੇਂ ਵੀ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਦੀ ਸਰਕਾਰ ਬਣ ਗਈ ਸੀ। ਪੰਜਾਬ ਦੇ ਕਾਂਗਰਸੀਆਂ ਨੇ ਆਮ ਆਦਮੀ ਪਾਰਟੀ ਦੇ ਭੁਚਾਲ ਵਰਗੇ ਉਭਾਰ ਨੂੰ ਵੀ ਰੋਕ ਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਰਕਾਰ ਬਣਾ ਦਿੱਤੀ ਸੀ। ਪੰਜਾਬ ਕਾਂਗਰਸ ਨੇ ਇਹ ਚੋਣਾ ਜਿਤੱਣ ਲਈ ਪ੍ਰਸ਼ਾਂਤ ਕਿਸ਼ੋਰ ਨੂੰ ਰਣਨੀਤੀਕਾਰ ਬਣਾਕੇ ਮੋਹਰੀ ਦੀ ਭੂਮਿਕਾ ਨਿਭਾਈ ਸੀ। ਭਾਵ ਪੰਜਾਬ ਦੇ ਸਿਆਸਤਦਾਨਾਂ ਨੂੰ ਆਪਣੀ ਕਾਬਲੀਅਤ 'ਤੇ ਸ਼ੱਕ ਹੋਇਆ ਸੀ, ਜਿਸ ਕਰਕੇ ਰਣਨੀਤੀਕਾਰ ਦੀ ਮਦਦ ਲਈ ਗਈ ਸੀ। ਇਸ ਤੋਂ ਵੀ ਵੱਡੀ




ਗੱਲ ਇਹ ਪੰਜਾਬ ਵਿੱਚ ਹੀ ਹੋਈ ਕਿ ਲੋਕਾਂ ਨੇ ਵੋਟਾਂ ਇਕ ਵਿਅਕਤੀ ਕੈਪਟਨ ਅਮਰਿੰਦਰ ਸਿੰਘ ਦੇ ਨਾਮ ਨੂੰ ਪਾਈਆਂ ਸਨ। ਜਾਣੀ ਕਿ ਪਾਰਟੀ ਨਾਲੋਂ ਵਿਅਕਤੀ ਸਰਵੋਤਮ ਸਮਝਿਆ ਗਿਆ ਸੀ। ਵੋਟਰ ਕੈਪਟਨ ਅਮਰਿੰਦਰ ਸਿੰਘ ਨੂੰ ਅਕਾਲੀਆਂ ਦੇ ਸਿੱਖ ਨੇਤਾਵਾਂ ਨਾਲੋਂ ਚੰਗਾ ਸਿੱਖ ਸਮਝਦੇ ਸਨ। ਮਈ 2019 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਸਮੁੱਚੇ ਦੇਸ਼ ਵਿੱਚ ਕਾਂਗਰਸ ਪਾਰਟੀ ਸਿਰਫ਼ 44 ਲੋਕ ਸਭਾ ਦੀਆਂ ਸੀਟਾਂ ਜਿੱਤ ਸਕੀ, ਜਿਨ੍ਹਾਂ ਵਿੱਚ 8 ਇਕੱਲੇ ਪੰਜਾਬ ਵਿੱਚੋਂ ਜਿੱਤੀਆਂ ਸਨ। ਫਿਰ ਕਾਂਗਰਸ ਨੇ ਇਕ ਹੋਰ ਨਵੀਂ ਵਾਇਦਿਆਂ ਦੀ ਝੜੀ ਲਾਉਣ ਵਿੱਚ ਵੀ ਪਹਿਲ ਕਦਮੀ ਕੀਤੀ ਸੀ। ਭਾਵ ਵਾਇਦਿਆਂ ਅਤੇ ਮੁਦਿਆਂ ਦੀ ਇਕੱਠੀ ਸਿਆਸਤ ਦੀ ਸ਼ੁਰੂਆਤ ਕੀਤੀ। ਇਕ ਹੋਰ ਪਹਿਲ ਧਾਰਮਿਕ ਪਵਿਤਰ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਨਸ਼ੇ ਖ਼ਤਮ ਕਰਨ/ਨਸ਼ਿਆਂ ਦਾ ਲੱਕ ਤੋੜਨ ਦਾ ਵਾਅਦਾ ਕੀਤਾ ਸੀ। ਜਦੋਂ ਕਿ ਭਾਰਤ ਧਰਮ ਨਿਰਪੱਖ ਦੇਸ਼ ਹੈ, ਇਥੇ ਧਰਮ ਦੀ ਆੜ ਵਿੱਚ ਵੋਟਾਂ ਨਹੀਂ ਮੰਗੀਆਂ ਜਾ ਸਕਦੀਆਂ। ਚੋਣ ਜਿੱਤਣ ਲਈ ਟਕਰਾਓ ਦੀ ਹਮਲਾਵਰ ਨੀਤੀ ਅਪਣਾਈ ਗਈ। ਟਕਰਾਓ ਵਿੱਚੋਂ ਕਾਂਗਰਸ ਸਰਕਾਰ ਪ੍ਰਗਟ ਹੋਈ ਪ੍ਰੰਤੂ ਸਰਕਾਰ ਬਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਟਕਰਾਓ ਦੀ ਨੀਤੀ ਨੂੰ ਤਿਲਾਂਜ਼ਲੀ ਦੇ ਕੇ ਨਵੀਂ ਸਿਆਸੀ ਚਾਲ ਚਲੀ। ਜਿਹੜੀ ਉਨ੍ਹਾਂ ਨੂੰ ਪੁੱਠੀ ਪੈ ਗਈ ਕਿਉਂਕਿ ਪੰਜਾਬ ਦੇ ਲੋਕ ਉਨ੍ਹਾਂ 'ਤੇ ਬਾਦਲ ਪਰਿਵਾਰ ਨਾਲ ਰਲੇ ਹੋਏ ਦਾ ਇਲਜ਼ਾਮ ਲਾਉਣ ਲੱਗ ਪਏ। ਸਿਆਸਤ ਵਿੱਚ ਕਿਸੇ ਪਾਰਟੀ ਦੇ ਨੇਤਾਵਾਂ ਵਿੱਚ ਵਿਚਾਰਾਂ ਦਾ ਵਖਰੇਵਾਂ ਹੋਣਾ ਆਮ ਜਿਹੀ ਗੱਲ ਹੁੰਦੀ ਹੈ ਪ੍ਰੰਤੂ ਇਸ ਵਖਰੇਵੇਂ ਨੂੰ ਸਿਆਸੀ ਪਲੇਟਫਾਰਮ ਦੀ ਥਾਂ ਆਮ ਇਕੱਠਾਂ ਵਿੱਚ ਪ੍ਰਗਟਾਉਣਾ ਜ਼ਾਇਜ਼ ਨਹੀਂ ਸਮਝਿਆ ਜਾਂਦਾ। ਪ੍ਰੰਤੂ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਪਹਿਲੀ ਵਾਰ ਬਠਿੰਡਾ ਵਿਖੇ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਲੋਕ ਸਭਾ ਦੀ ਚੋਣ ਵਿੱਚ ਕੀਤੀ ਰੈਲੀ ਵਿੱਚ ਪ੍ਰਿਅੰਕਾ ਗਾਂਧੀ ਦੀ ਹਾਜ਼ਰੀ ਵਿੱਚ ਅਸਿਧੇ ਢੰਗ ਨਾਲ ਸ਼ਰੇਆਮ ਆਪਣੀ ਹੀ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਫ਼ਰੈਂਡਲੀ ਮੈਚ ਕਹਿਕੇ ਵੀ ਮੋਹਰੀ ਦੀ ਭੂਮਿਕਾ ਨਿਭਾਈ। ਜਿਸਦੇ ਨਤੀਜੇ ਵਜੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਲੋਕ ਸਭਾ ਦੀ ਚੋਣ ਹਾਰ ਗਏ। ਇਸ ਤੋਂ ਬਾਅਦ ਤਾਂ ਗਾਹੇ ਵਗਾਹੇ ਅਜਿਹੇ ਕਿੰਤੂ ਪ੍ਰੰਤੂ ਕਰਨਾ ਆਮ ਜਹੀ ਗੱਲ ਹੋ ਗਈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ 4 ਸਾਲ ਤੋਂ ਬਾਅਦ ਕੁੱਝ ਕਾਂਗਰਸੀਆਂ ਜਿਨ੍ਹਾਂ ਵਿੱਚ ਨਵਜੋਤ ਸਿੰਘ ਸਿੱਧੂ ਮੁੱਖ ਨੇਤਾ ਸਨ, ਸਰਕਾਰ ਦੀ ਕਾਰਗੁਜ਼ਾਰੀ ਨੂੰ ਆੜੇ ਹੱਥੀਂ ਟਵੀਟ ਕਰਕੇ ਲੈਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਉਨ੍ਹਾ ਪਹਿਲਕਦਮੀ ਕੀਤੀ ਕਿ ਉਨ੍ਹਾਂ ਦਾ ਕੈਪਟਨ ਅਮਰਿੰਦਰ ਸਿੰਘ ਨਹੀਂ ਸਗੋਂ ਰਾਹੁਲ ਗਾਂਧੀ ਹਨ। ਫੇਰ ਤਾਂ ਸਰਕਾਰੀ ਸ਼ਹਿ 'ਤੇ ਮੰਤਰੀਆਂ, ਹੋਰ ਨੇਤਾਵਾਂ ਅਤੇ ਵਿਧਾਨਕਾਰਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦਾ ਕੈਪਟਨ ਕਹਿਣਾ ਸ਼ੁਰੂ ਕਰ ਦਿੱਤਾ। ਇਕ ਕਿਸਮ ਨਾਲ ਪਹਿਲੀ ਵਾਰ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਨੂੰ ਸਿੱਧੀ ਵੰਗਾਰ ਦਿੱਤੀ ਗਈ। ਇਕ ਦੂਜੇ ਦੀਆਂ ਲੱਤਾਂ ਪਬਲੀਕਲੀ ਖਿਚਣ ਦੀ ਕਸ਼ਮਕਸ਼ ਵੀ ਪੰਜਾਬ ਦੇ ਕਾਂਗਰਸੀਆਂ ਨੇ ਕੀਤੀ। ਇਥੇ ਹੀ ਬਸ ਨਹੀਂ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧ ਕਰਨ ਦੇ ਬਾਵਜੂਦ ਰਾਜ ਵਿੱਚ ਸਿਆਸੀ ਤਾਕਤ ਦਾ ਦੂਜਾ ਧੁਰਾ ਬਣਾਉਣ ਲਈ ਸੁਨੀਲ ਕੁਮਾਰ ਜਾਖੜ ਨੂੰ ਪ੍ਰਧਾਨਗੀ ਤੋਂ ਹਟਾਕੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਨਵਜੋਤ ਸਿੰਘ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਢਿਲੀ ਕਾਰਗੁਜ਼ਾਰੀ ਦੇ ਪਰਦੇ ਫਾਸ਼ ਕਰਨੇ ਸ਼ੁਰੂ ਕਰ ਦਿੱਤੇ। ਇਕ ਕਿਸਮ ਨਾਲ ਸਰਕਾਰ ਅਤੇ ਪਾਰਟੀ ਵਿੱਚ ਟਕਰਾਓ ਪੈਦਾ ਹੋ ਗਿਆ। ਪਾਰਟੀ ਦਾ ਅਕਸ ਡਿਗਣ ਲੱਗ ਪਿਆ। ਏਸੇ ਤਰ੍ਹਾਂ ਕਾਂਗਰਸ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਦੀ ਲੀਡਰਸ਼ਿਪ ਨੂੰ ਵੰਗਾਰਨ ਤੋਂ ਬਾਅਦ ਵਿਧਾਨਕਾਰਾਂ ਨੂੰ ਦਿੱਲੀ ਤਲਬ ਕਰਕੇ ਉਨ੍ਹਾਂ ਤੋਂ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਬਾਰੇ ਰਾਏ ਮੰਗੀ ਗਈ। ਫਿਰ ਇਹ ਵੀ ਪਹਿਲੀ ਵਾਰ ਹੋਇਆ ਕਿ ਰਾਹੁਲ ਗਾਂਧੀ ਨੇ ਪੰਜਾਬ ਦੇ ਵਿਧਾਨਕਾਰਾਂ ਨੂੰ ਸਿੱਧੇ ਫੋਨ ਕਰਕੇ ਪੁਛਣਾ ਸ਼ੁਰੂ ਕਰ ਦਿੱਤਾ ਕਿ ਤੁਹਾਡੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਕੀ ਰਾਏ ਹੈ ? ਫਿਰ ਮੁੱਖ ਮੰਤਰੀ ਨੂੰ ਬੁਲਾਕੇ ਕੇਂਦਰੀ ਨੇਤਾਵਾਂ ਦੀ ਤਿੰਨ ਮੈਂਬਰੀ ਕਮੇਟੀ ਨੇ ਉਨ੍ਹਾਂ ਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਰਿਪੋਰਟ ਲਈ ਅਤੇ ਆਪਣੇ ਵੱਲੋਂ 18 ਨੁਕਾਤੀ ਪ੍ਰੋਗਰਾਮ ਲਾਗੂ ਕਰਨ ਲਈ ਦਿੱਤਾ ਗਿਆ। ਇਸ 18 ਨੁਕਾਤੀ ਪ੍ਰੋਗਰਾਮ ਨੂੰ ਨਾ ਲਾਗੂ ਕਰਨ ਕਰਕੇ ਵਿਧਾਨਕਾਰਾਂ ਨੂੰ ਦੁਬਾਰਾ ਦਿੱਲੀ ਬੁਲਾਇਆ ਗਿਆ। ਇਹ ਸਾਰਾ ਕੁਝ ਕਰਨ ਨੂੰ ਕਾਂਗਰਸ ਹਾਈ ਕਮਾਂਡ ਉਤਸ਼ਾਹਤ ਕਰ ਰਹੀ ਸੀ। ਫਿਰ ਇਹ ਵੀ ਪਹਿਲੀ ਵਾਰ ਹੋਇਆ ਕਿ ਪੰਜਾਬ ਕਾਂਗਰਸ ਦੀ ਲੈਜਿਸਲੇਚਰ ਪਾਰਟੀ ਦੀ ਮੀਟਿੰਗ ਕਾਂਗਰਸ ਹਾਈ ਕਮਾਂਡ ਨੇ ਸਿੱਧੀ ਪੰਜਾਬ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਸ਼ਾਮ 4-00 ਵਜੇ ਬੁਲਾ ਲਈ ਜਦੋਂ ਕਿ ਇਹ ਅਧਿਕਾਰ ਲੈਜਿਸਲੇਚਰ ਪਾਰਟੀ ਦੇ ਨੇਤਾ ਅਰਥਾਤ ਮੁੱਖ ਮੰਤਰੀ ਨੂੰ ਹੁੰਦਾ ਹੈ। ਅਖ਼ੀਰ ਸੋਨੀਆਂ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਵੇਰੇ ਮੀਟਿੰਗ ਤੋਂ ਪਹਿਲਾਂ ਹੀ ਅਸਤੀਫਾ ਦੇਣ ਲਈ ਆਖ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਲੈਜਿਸਲੇਚਰ ਪਾਰਟੀ ਦੀ ਮੀਟਿੰਗ ਆਪਣੀ ਰਿਹਾਇਸ਼ ਮਹਿੰਦਰ ਬਾਗ ਸ਼ੀਸ਼ਵਾਂ ਵਿਖੇ ਦੁਪਹਿਰ 2-00 ਵਜੇ ਹਾਈ ਕਮਾਂਡ ਵਾਲੀ ਮੀਟਿੰਗ ਤੋਂ ਪਹਿਲਾਂ ਹੀ ਬੁਲਾ ਲਈ। ਕਾਂਗਰਸ ਹਾਈ ਕਮਾਂਡ ਨੇ ਵਿਧਾਨਕਾਰਾਂ ਨੂੰ ਕੈਪਟਨ ਅਮਰਿੰਦਰ ਸਿੰਘ ਵਾਲੀ ਮੀਟਿੰਗ ਵਿੱਚ ਜਾਣ ਤੋਂ ਰੋਕ ਦਿੱਤਾ। ਜਿਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਕੈਪਟਨ ਅਮਰਿੰਦਰ ਸਿੰਘ ਦੇ ਵਿਰੁਧ ਬਗਾਬਤ ਕਰਨ ਲਈ ਤਾਂ ਉਹ ਇਕਮੁੱਠ ਸਨ ਪ੍ਰੰਤੂ ਜਦੋਂ ਉਨ੍ਹਾਂ ਦੀ ਥਾ ਮੁੱਖ ਮੰਤਰੀ ਬਣਾਉਣ ਦੀ ਗੱਲ ਆਈ ਤਾਂ ਸਾਰੇ ਹੀ ਉਮੀਦਵਾਰ ਬਣ ਬੈਠੇ। ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। ਪ੍ਰੰਤੂ ਮੰਤਰੀ ਮੰਡਲ ਦੇ ਗਠਨ ਮੌਕੇ ਫਿਰ ਤਲਵਾਰਾਂ ਕੱਢ ਲਈਆਂ। ਇਥੇ ਹੀ ਬਸ ਨਹੀਂ ਨਵਜੋਤ ਸਿੰਘ ਸਿੱਧੂ ਜਿਨ੍ਹਾਂ ਨੇ ਕੈਪਟਨ ਵਿਰੁਧ ਬਗਾਬਤ ਦੀ ਅਗਵਾਈ ਕੀਤੀ ਸੀ, ਉਹ ਹੀ ਨਵੇਂ ਮੁੱਖ ਮੰਤਰੀ ਦੇ ਫੈਸਲਿਆਂ ਦੇ ਵਿਰੋਧ ਵਿੱਚ ਆਪਣੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਗਏ। ਆਪੇ ਬਣਾਏ ਮੁੱਖ ਮੰਤਰੀ ਨੂੰ ਠੂਠਾ ਵਿਖਾ ਦਿੱਤਾ। ਫਿਰ ਹਾਈ ਕਮਾਂਡ ਨੇ ਸਮਝੌਤਾ ਇਕ ਧਾਰਮਿਕ ਸਥਾਨ 'ਤੇ ਲਿਜਾ ਕੇ ਕੀਤਾ ਪ੍ਰੰਤੂ ਤੀਜੇ ਦਿਨ ਸਮਝੌਤਾ ਤੋੜ ਕੇ ਫਿਰ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ। ਇਸ ਸਮੇਂ ਮੁੱਖ ਮੰਤਰੀ ਅਤੇ ਪ੍ਰਧਾਨ ਦੋਹਾਂ ਦੇ ਰਸਤੇ ਵੱਖਰੇ ਹਨ।

ਇਸ ਪ੍ਰਕਾਰ ਪੰਜਾਬ ਕਾਂਗਰਸ ਦੇ ਨੇਤਾ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਅਤੇ ਢਾਹੁਣ ਵਿੱਚ ਆਪ ਹੀ ਮੋਹਰੀ ਦੀ ਭੂਮਿਕਾ ਨਿਭਾ ਰਹੇ ਹਨ। ਭਾਵ ਵਿਰੋਧੀ ਪਾਰਟੀ ਦਾ ਰੋਲ ਵੀ ਉਨ੍ਹਾਂ ਨੂੰ ਆਪ ਹੀ ਨਿਭਾਉਣਾ ਪੈ ਰਿਹਾ ਹੈ। ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾ ਵਿੱਚ ਵਿਰੋਧੀਆਂ ਦੇ ਜਿੱਤਣ ਦਾ ਰਾਹ ਪੱਧਰਾ ਕਰ ਰਹੇ ਹਨ। ਹਾਈ ਕਮਾਂਡ ਆਪਣੇ ਕੀਤੇ ਫ਼ੈਸਲੇ 'ਤੇ ਪਛਤਾ ਰਹੀ ਹੋਵੇਗੀ ਕਿਉਂਕਿ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਰਹਿੰਦੀ ਖ਼ੂੰਹਦੀ ਪਛਾਣ ਵੀ ਖ਼ਤਮ ਹੋਣ ਕਿਨਾਰੇ ਕਰ ਦਿੱਤੀ। ਕਾਂਗਰਸੀ ਭਰਾਵੋ ਤੇਲ ਦੇਖੋ ਤੇਲ ਦੀ ਧਾਰ ਵੇਖੋ ਤੁਹਾਡੀ ਕਿਸਮਤ ਕਿਸ ਕਰਵਟ ਬੈਠਦੀ ਹੈ। ਵੈਸੇ ਜ਼ਮੀਨ ਪੈਰਾਂ ਹੇਠੋਂ ਨਿਕਲ ਚੁੱਕੀ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸ਼ਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ੍ਹੀ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022,
780 599 2000
Email:
sukhdevdhanoa@gmail.com



**Regina**
Gurbinder Singh Gagowal
306 520 4313,
639 999 1000
Email:
gur.gago@gmail.com



**Saskatoon**
Gagandeep Jattana
639 742 0203
639 999 1000
Email-gaganjattana0203@gmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

HMP CUSTOM CABINETS
SPECIALIST IN CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

## ਕੈਲਗਰੀ ਦੇ ਪ੍ਰਪਰਟੀ ਟੈਕਸ ਵਿੱਚ ਥੋੜਾ ਜਿਹਾ ਵਾਧਾ ਹੋ ਸਕਦਾ ਹੈ।

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਔਫ਼ ਕੈਲਗਰੀ ਵੱਲੋਂ ਅਗਲੇ ਸਾਲ ਸ਼ਹਿਰ ਵਾਸੀਆਂ ਉੱਪਰ ਪ੍ਰੌਪਰਟੀ ਟੈਕਸ ਦਾ ਮਾਮੂਲੀ ਬੋਝ ਵਧਾਉਣ ਲਈ ਸਿਟੀ ਕੌਂਸਲ ਨੂੰ ਕਿਹਾ ਜਾ ਰਿਹਾ ਹੈ। ਚਾਰ ਸਾਲ ਦੇ ਬਜਟ ਸਾਇਕਲ ਦਾ ਇਹ ਆਖ਼ਰੀ ਸਾਲ ਹੈ। ਤਜਵੀਜ਼ਸ਼ੁਦਾ ਟੈਕਸ ਦਰ ਦੀ ਤਬਦੀਲੀ ਵਿੱਚ 1% ਤੋਂ ਵੀ ਘੱਟ ਵਾਧੇ ਦੀ ਗੱਲ ਕਹੀ ਗਈ ਹੈ। ਪ੍ਰੌਪਰਟੀ ਟੈਕਸ ਵਿੱਚ ਜਿੰਨਾ ਵਾਧਾ ਹੋਇਆ ਉਸ ਵਿਚੋਂ 0.64% ਬੇਸ ਬਜਟ ਵਾਧਾ ਕੀਤੇ ਜਾਣ ਅਤੇ 0.35% ਵਾਧਾ ਪੁਲਿਸ ਨੂੰ ਦੇਣ ਵਾਸਤੇ ਸਿਟੀ ਅਧਿਕਾਰੀਆਂ ਵੱਲੋਂ ਕਿਹਾ ਗਿਆ ਹੈ। ਪ੍ਰੌਪਰਟੀ ਟੈਕਸ ਵਿੱਚ ਕੁੱਲ ਵਾਧਾ 0.99% ਕੀਤੇ ਜਾਣ ਦੀ ਸਿਫਾਰਿਸ਼ ਕੀਤੀ ਗਈ ਹੈ। ਸਾਲ 2018 ਵਿੱਚ ਇਸ ਸਾਲ ਵਾਸਤੇ ਪ੍ਰੌਪਰਟੀ ਟੈਕਸ ਵਿੱਚ 3.46% ਦੇ ਵਾਧੇ ਨੂੰ ਮਨਜ਼ੂਰ ਕੀਤਾ ਗਿਆ ਸੀ। ਇਸ ਸਾਲ ਪ੍ਰੌਪਰਟੀ ਟੈਕਸ ਵਿੱਚ 1.7% ਦੀ ਕਮੀ ਕੀਤੀ ਗਈ ਗਈ ਸੀ ਤੇ ਅਗਲੇ ਸਾਲ ਇਸ ਨੂੰ ਫ੍ਰੀਜ਼ ਕਰਨ ਨੂੰ ਕਿਹਾ ਗਿਆ ਸੀ।

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY



Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"

Punjab MONEY EXCHANGE
NO EXTRA CHARGES
Pick Up & Delivery
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB


For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ





# ਗੁਰੂ ਨਾਨਕ ਦੇਵ ਜੀ ਦਾ ਕ੍ਰਿਤ ਫ਼ਲਸਫ਼ਾ, ਖੇਤੀ ਅਤੇ ਮੌਜੂਦਾ ਪੰਜਾਬ



ਗੁਰਮੀਤ ਸਿੰਘ ਪਲਾਹੀ
-9815802070

ਗੁਰੂ ਨਾਨਕ ਦੇਵ ਜੀ ਦਾ ਜੀਵਨ ਫ਼ਲਸਫਾ ਕਿਰਤ ਕਰੋ ਅਤੇ ਵੰਡ ਛਕੋ ਅਤੇ ਜ਼ਿੰਦਗੀ 'ਚ ਸਹਿਜ ਰਹਿਣ ਲਈ ਨਾਮ ਜਪੋ ਦਾ ਸੀ।ਸਰਬਤ ਦਾ ਭਲਾ ਕ੍ਰਾਂਤੀਕਾਰੀ ਜੀਵਨ ਫ਼ਲਸਫੇ ਨੂੰ ਉਹਨਾ ਜ਼ਿੰਦਗੀ ਭਰ ਨਿਭਾਇਆ,ਅਤੇ ਸਮੇਂ ਦੇ ਹਾਕਮਾਂ ਨਾਲ ਟੱਕਰ ਲੈ ਕੇ ਵੀ ਆਮ ਲੋਕਾਂ ਤੱਕ ਪੁੱਜਦਾ ਕੀਤਾ।ਜ਼ਿੰਦਗੀ ਦੇ ਆਖ਼ਰੀ ਵਰ੍ਹੇ ਉਹਨਾ ਕਰਤਾਰਪੁਰ(ਹੁਣ ਪਾਕਿਸਤਾਨ) 'ਚ ਹੱਥੀਂ ਖੇਤੀ ਕੀਤੀ,ਹਲ ਚਲਾਇਆ ਅਤੇ ਆਪਣੇ ਹਿੰਦੂ,ਮੁਸਲਮਾਨ,ਸਿੱਖ ਪੈਰੋਕਾਰਾਂ ਨੂੰ ਹੱਥੀਂ ਕਿਰਤ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਜੀ ਦੀ "ਨਾਨਕ ਖੇਤੀ" ਗ੍ਰਹਿਸਥੀਆਂ ਲਈ ਇੱਕ ਖੁਸ਼ੀ ਦੀ ਪ੍ਰੋਗਸ਼ਾਲਾ ਸੀ,ਜਿਥੇ ਉਹ ਧਰਤੀ ਨਾਲ ਪਿਆਰ ਕਰਦੇ ਸਨ,ਧਰਤੀ ਦੇ ਜੀਵਾਂ ਦੀ ਰੱਖਿਆ ਕਰਦੇ ਸਨ, ਪੰਛੀਆਂ, ਪਸ਼ੂਆਂ ਦਾ ਸਾਥ ਮਾਣਦੇ ਸਨ,ਬਿਨਾਂ ਖਾਂਦਾਂ,ਰਸਾਇਣਾਂ ਉਹ ਧਰਤੀ ਦੀ ਕੁੱਖ 'ਚੋਂ ਆਪਣੇ ਲਈ ਅਤੇ ਆਪਣੇ ਪਸ਼ੂਆਂ ਲਈ ਅਨਾਜ਼ ਉਗਾਉਦੇ ਸਨ।ਇਹ ਨਾਨਕ ਖੇਤੀ ਕੁਦਰਤੀ ਖੇਤੀ ਸੀ ਜਿਥੇ ਖੇਤਾਂ 'ਚ ਪੰਛੀ ਸਨ,ਧਰਤੀ 'ਚ ਗੰਡੋਏ ਸਨ, ਸ਼ਹਿਦ ਦੀਆਂ ਮੱਖੀਆ ਸਨ,ਤਿਤਲੀਆਂ,ਭੌਰੇ ਸਨ। ਇਹ ਖੇਤਾਂ 'ਚ ਕੰਮ ਕਰਦੇ ਕਿਰਸਾਨਾਂ ਲਈ ਸਿਰਫ ਰੋਜ਼ੀ-ਰੋਟੀ ਦਾ ਸਾਧਨ ਹੀ ਨਹੀਂ,ਸਗੋਂ ਇੱਕ ਵੱਖਰੀ ਜੀਵਨ-ਜਾਚ ਸੀ।ਖੇਤੀ ਅਤੇ ਕ੍ਰਿਤ ਸਭਿਆਚਾਰ, ਨਾਨਕ ਖੇਤੀ ਜੀਵਨ ਜਾਚ 'ਚ ਭਾਰੂ ਸੀ, "ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ" !ਭਾਵ ਹਵਾ ਗੁਰੂ ਹੈ, ਪਾਣੀ ਪਿਤਾ ਹੈ ਅਤੇ ਧਰਤੀ ਮਾਂ ਹੈ।

ਮੌਜੂਦਾ ਸਮੇਂ 'ਚ ਪੰਜਾਬ ਦਾ ਕ੍ਰਿਤ ਸਭਿਆਚਾਰ ਭੰਗ ਹੋਇਆ ਦਿਸਦਾ ਹੈ। ਖੇਤੀ ਵਾਲੀ ਜ਼ਮੀਨ ਰੇਗਿਸਤਾਨ ਬਣਦੀ ਜਾ ਰਹੀ ਹੈ। ਧਰਤੀ ਦੀ ਕੁੱਖ 'ਚੋਂ ਖਿੱਚਿਆ ਜਾ ਰਿਹਾ ਖੇਤੀ ਲਈ ਪਾਣੀ ਮੁੱਕਦਾ ਜਾ ਰਿਹਾ ਹੈ। ਖਾਦਾਂ, ਰਸਾਇਣਾਂ, ਕੀਟਨਾਸ਼ਕਾਂ ਨੇ ਪੰਜਾਬ ਦੀ ਧਰਤੀ ਦਾ ਨਾਸ ਮਾਰ ਦਿੱਤਾ ਹੈ।ਖੇਤੀ ਘਾਟੇ ਦੀ ਹੋ ਗਈ ਹੈ।ਖੇਤੀ ਕਰਨ ਵਾਲਾ ਕਿਸਾਨ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਗਿਆ ਹੈ।ਧਰਤੀ ਮਾਂ ਨੇ ਆਪਣੇ ਕੁਦਰਤੀ ਤੱਤ ਗੁਆ ਲਏ ਹਨ।ਧਰਤੀ ਦੇ ਪੁੱਤ ਮਜ਼ਬੂਰੀ 'ਚ ਆਪਣੀਆਂ ਫ਼ਸਲਾਂ ਦੀ ਰਹਿੰਦ-ਖੂੰਹਦ ਪਰਾਲੀ, ਕਣਕ ਨੂੰ ਅੱਗ ਲਾਉਣ ਵੇਲੇ ਇਹ ਨਹੀਂ ਵੇਖਦੇ ਕਿ ਉਹ ਕਿੰਨੇ ਧਰਤੀ ਦੇ ਮਿੱਤਰ ਕੀੜਿਆਂ ਨੂੰ ਮਾਰ ਰਹੇ ਹਨ।ਪੰਛੀਆਂ ਦਾ ਜੀਵਨ ਤਬਾਹ ਕਰ ਰਹੇ ਹਨ। ਫਿਰ ਵੀ ਸਥਿਤੀ ਇਹ ਬਣ ਗਈ ਹੈ ਕਿ ਜਿਸ ਪੰਜਾਬ ਦੀ ਧਰਤੀ ਦਾ ਕਿਸਾਨ ਛੋਟੇ-ਛੋਟੇ ਸਿਆੜਾਂ ਨਾਲ ਵੀ ਜੀਵਨ ਨਿਰਵਾਹ ਕਰ ਰਿਹਾ ਸੀ, ਕੁਦਰਤ ਨਾਲ ਸਾਂਝ ਪਾਈ ਬੈਠਾ ਸੀ, ਦਹਾਕਿਆਂ ਤੋਂ ਕਾਰਪੋਰੇਟ ਸੈਕਟਰ ਦੀਆਂ ਚਾਲਾਂ ਦਾ ਸ਼ਿਕਾਰ ਹੋ, ਵੱਡੀ ਪੈਦਾਵਾਰ ਦੇ ਚੱਕਰ ਵਿੱਚ ਘਾਟੇ ਦੀ ਖੇਤੀ ਦੇ ਰਾਹ ਤਾਂ ਤੁਰਿਆ ਹੀ ਹੈ ਅਤੇ ਆਰਥਿਕ, ਮਾਨਸਿਕ ਬੋਝ ਹੇਠ ਸ਼ਤੀਰੇ ਨਾਲ ਜੱਫੇ ਪਾਉਣ ਲਈ ਮਜ਼ਬੂਰ ਕਰ ਦਿੱਤਾ ਗਿਆ ਹੈ।

ਹੱਥੀਂ ਕਿਰਤ ਕਰਨੀ ਪੰਜਾਬੀਆਂ ਦਾ ਆਦਰਸ਼ ਰਿਹਾ ਹੈ। ਇਹ ਆਦਰਸ਼ ਪਿਛਲੇ ਕੁਝ ਸਮੇਂ ਤੋਂ ਗਾਇਬ ਹੋਇਆ ਦਿਸਦਾ ਹੈ।ਖਾਸ ਕਰਕੇ ਪੰਜਾਬ ਦੀ ਨੌਜਵਾਨ ਪੀੜ੍ਹੀ ਕਿਰਤ ਸਭਿਆਚਾਰ ਤੋਂ ਦੂਰੀ ਬਣਾਈ ਜਾ ਰਹੀ ਹੈ।ਪੰਜਾਬੀ ਮੁੰਡਿਆਂ ਦਾ ਮੋਟਰ ਸਾਇਕਲ,ਮੋਬਾਇਲ ਗਹਿਣਾ ਬਣ ਗਿਆ ਹੈ, ਜੋ ਕਦੇ ਕਹੀ, ਦਾਤੀ,ਰੰਬਾ ਹੋਇਆ ਕਰਦਾ ਸੀ। ਕਿਰਤ ਸਭਿਆਚਾਰ ਤੋਂ ਟੁੱਟ ਨੌਜਵਾਨ ਕੁਰਾਹੇ ਪਿਆ ਜਾਂ ਪੰਜਾਬੀਆਂ ਦੀ ਚੜ੍ਹਤ,ਅਣਖ ਦੇਖਕੇ ਕੁਰਾਹੇ ਪਾਇਆ ਗਿਆ।ਪਹਿਲਾਂ '47 'ਚ ਲੱਖਾਂ ਪੰਜਾਬੀ ਸਿਆਸਤ ਦੀ ਭੇਂਟ ਚੜ੍ਹਾ ਮੌਤ ਦੇ ਘਾਟ ਉਤਾਰੇ ਗਏ,ਵੱਢੇ ਗਏ ਜ਼ਖਮੀ ਕੀਤੇ ਗਏ,ਜ਼ਮੀਨਾਂ ਤੋਂ ਘਰਾਂ ਤੋਂ ਉਜਾੜ ਦਿੱਤੇ ਗਏ।'47 ਤੋਂ ਬਆਦ ਕੁਝ ਸਾਹ ਆਇਆ ਤਾਂ ਇਕ ਵੇਰ ਫੇਰ '84 ਨੇ ਪੰਜਾਬੀਆਂ ਦੇ ਹਿਰਦੇ ਬਲੂੰਦਰੇ,ਹਜ਼ਾਰਾਂ ਨੌਜਵਾਨ ਲਾਪਤਾ ਕੀਤੇ ਗਏ, ਮਾਰੇ ਗਏ,ਤਸ਼ੱਦਦ ਢਾਹੇ ਗਏ, ਸੈਂਕੜੇ ਨਕਸਲੀ ਲਹਿਰ ਅਤੇ ਫਿਰ ਖਾੜਕੂ ਲਹਿਰ ਵੇਲੇ ਮਾਰ ਦਿੱਤੇ ਗਏ।ਉਹ ਕਿਸਾਨਾਂ ਦੇ ਪੁੱਤਰ, ਜਿਹਨਾ ਖੇਤੀ ਕਰਨੀ ਸੀ,ਕਿਰਤ ਸਭਿਆਚਾਰ ਉਸਾਰਨਾ ਸੀ, ਗੁਰੂ ਨਾਨਕ ਜੀ ਦੇ ਆਦਰਸ਼ ਨੂੰ ਚੰਗੀ ਸੋਚ ਵਾਲੇ ਲੋਕਾਂ ਤੱਕ ਪਹੁੰਚਾਉਣਾ ਸੀ।ਉਹ ਪੰਜਾਬ ਦੀ ਇਸ ਧਰਤੀ ਤੋਂ ਅਲੋਪ ਕਰ ਦਿੱਤੇ ਗਏ।ਗੱਲ ਇਥੇ ਹੀ ਬੱਸ ਨਾ ਹੋਈ,ਨਸ਼ਿਆਂ ਦਾ ਹੜ੍ਹ,ਪੰਜਾਬ ਦੀ ਉਸ ਧਰਤੀ ਉਤੇ ਵਗਾ ਦਿੱਤਾ ਗਿਆ,ਜਿਹੜੀ ਧਰਤੀ ਪੰਜ ਦਰਿਆਵਾਂ ਦੀ ਸੀ,ਜਿਥੇ ਗੁਰੂਆਂ, ਪੀਰਾਂ,ਪਗੰਬਰਾਂ, ਦਾ ਸੰਦੇਸ਼ ਗੂੰਜਦਾ ਸੀ ਪਰ ਬਦਕਿਸਮਤੀ, ਇਹ ਪਵਿੱਤਰ ਧਰਤੀ ਸਿਆਸੀ ਹਾਕਮਾਂ ਦੀਆਂ ਲੂੰਬੜ ਚਾਲਾਂ ਦਾ ਸ਼ਿਕਾਰ ਬਣ, ਸਿਰਫ਼ ਢਾਈ ਦਰਿਆਵਾਂ ਵਾਲੀ ਧਰਤੀ ਰਹਿ ਗਈ ਅਤੇ ਇਸਦੇ ਇਹ ਬਚਦੇ ਦਰਿਆ ਅਤੇ ਪੰਜਾਬ 'ਚ ਵਗਦੀਆਂ ਬੇਈਆਂ ਸਮੇਤ ਗੁਰੂ ਨਾਨਕ ਜੀ ਦੇ ਨਾਮ ਨਾਲ ਜਾਣੀ ਜਾਂਦੀਆਂ ਸੁਲਤਾਨਪੁਰ ਲੋਧੀ ਦੀ "ਚਿੱਟੀ ਬੇਈਂ" ਪ੍ਰਦੂਸ਼ਨ ਦੀ ਮਾਰ ਝੱਲ ਰਹੀ ਹੈ।

ਕਦੇ ਗੁਰੂ ਨਾਨਕ ਦੇਵ ਜੀ ਨੇ ਜਾਂ ਉਹਨਾ ਦੇ ਪੈਰੋਕਾਰਾਂ ਨੇ ਇਹੋ ਜਿਹਾ ਪੰਜਾਬ ਚਿਤਵਿਆ ਹੀ ਨਹੀਂ ਹੋਏਗਾ।ਜਿਹੜਾ ਪ੍ਰਦੂਸ਼ਨ ਨਾਲ ਭਰਿਆ ਪਿਆ ਹੋਵੇ, ਜਿਹੜੇ ਜਾਤ-ਪਾਤ, ਧਰਮ ਵੰਡ ਦਾ ਸ਼ਿਕਾਰ ਹੋ ਗਿਆ ਹੋਵੇ। ਜਿਥੋਂ ਦੇ ਸਿਆਸਤਦਾਨ ਸਵਾਰਥੀ ਹੋਕੇ ਸਿਰਫ਼ ਆਪਣੀ ਕੁਰਸੀ ਪ੍ਰਾਪਤੀ ਲਈ ਯੁੱਧ 'ਚ ਰੁਝੇ ਰਹਿਣ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਆਦਰਸ਼, ਫ਼ਲਸਫੇ ਨੂੰ ਭੁੱਲ ਲੋਕਾਂ ਦੀ ਰੱਤ ਚੂਸ ਰਹੇ ਹੋਣ।

ਗੁਰੂ ਨਾਨਕ ਦੇਵ ਜੀ ਦੇ ਕ੍ਰਿਤ ਸਭਿਆਚਾਰ ਅਤੇ ਆਦਰਸ਼ ਦੀ ਉਦਾਹਰਨ ਆਪਣੀ ਉਮਰ ਦੇ ਆਖ਼ਰੀ ਵੇਲਿਆਂ 'ਚ ਸੰਗਤ, ਪੰਗਤ ਅਤੇ ਲੰਗਰ ਦੀ ਮਹੱਤਤਾ ਦਰਸਾਉਣਾ ਰਿਹਾ। ਉਹਨਾ ਹੱਥੀਂ ਖੇਤੀ ਕੀਤੀ, ਆਪਣੀ ਕਿਰਤ ਨਾਲ ਪੈਦਾ ਕੀਤੇ ਅਨਾਜ਼, ਫ਼ਲ ਬਾਕੀਆਂ ਨਾਲ ਵੰਡ ਖਾਂਦੇ ਅਤੇ ਆਪਣੇ ਪੈਰੋਕਾਰਾਂ ਨਾਲ ਇਕੱਠਿਆਂ ਕੰਮ ਕਰਕੇ ਆਪਸੀ ਬਰਾਬਰ ਵੰਡ ਵਾਲੀ ਸਹਿਕਾਰਤਾ ਖੇਤੀ ਦੀ ਨੀਂਹ ਬੰਨ੍ਹੀ। ਉਹਨਾ ਦੇ ਫ਼ਿਲਾਸਫੀ ਦਾ ਇੱਕ ਵੱਡਾ ਸੰਦੇਸ਼ ਦੱਬੇ ਕੁਚਲੇ, ਨਿਆਸਰੇ ਅਤੇ ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਅਤੇ ਇੱਕ ਇਹੋ ਜਿਹੇ ਸਮਾਜ ਦੀ ਸਥਾਪਨਾ ਸੀ, ਜਿਥੇ ਹਰ ਕੋਈ ਬਿਨ੍ਹਾਂ ਭੇਦ ਭਾਵ, ਵਿਤਕਰੇ ਆਪਣੇ ਜੀਵਨ ਦਾ ਸੁਖੀ ਰਹਿਕੇ ਨਿਰਬਾਹ ਕਰ ਸਕੇ। ਖ਼ਾਸ ਕਰਕੇ ਔਰਤਾਂ, ਜਿਹਨਾ ਦਾ ਜੀਵਨ ਨਰਕ ਬਣਕੇ ਰਹਿ ਗਿਆ ਸੀ ਅਤੇ ਜਿਹਨਾ ਦੇ ਘਰੇਲੂ ਕਾਰੋਬਾਰ, ਖੇਤੀ ਦੇ ਕੰਮ 'ਚ ਕੋਈ ਮਾਨਤਾ ਹੀ ਨਹੀਂ ਸੀ, ਜਿਸਨੂੰ ਸਮਾਜ 'ਚ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ।"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ "।

ਗੁਰੂ ਨਾਨਕ ਦੇਵ ਜੀ ਨੇ ਦੁਨੀਆ ਦੇ ਚਾਰੋਂ ਦਿਸ਼ਾਵਾਂ 'ਚ ਯਾਤਰਾ ਕੀਤੀ।ਪੈਦਲ ਹਜ਼ਾਰਾਂ ਮੀਲਾਂ ਦਾ ਸਫ਼ਰ ਕੀਤਾ। ਵਿਚਾਰ-ਗੋਸ਼ਟੀਆਂ ਕੀਤੀਆਂ। ਆਪਣੇ ਜੀਵਨ ਫਲਸਫ਼ੇ ਦਾ ਹੋਰ ਸੰਤਾਂ, ਮਹਾਂਪੁਰਖਾਂ ਨਾਲ ਸੰਵਾਦ ਰਚਾਇਆ। ਆਪਣੇ ਜ਼ਿੰਦਗੀ ਦੇ ਆਖ਼ਰੀ ਪੜ੍ਹਾਅ 'ਚ ਉਹਨਾ ਖੇਤੀ ਕੀਤੀ ਬਾਵਜੂਦ ਇਸਦੇ ਕਿ ਉਹਨਾ ਦਾ ਪਰਿਵਾਰਕ ਪਿਛੋਕੜ ਖੇਤੀਬਾੜੀ ਵਾਲਾ ਨਹੀਂ ਸੀ। ਉਹ ਇੱਕ ਵਪਾਰੀ ਦੇ ਘਰ ਪੈਦਾ ਹੋਏ, ਉਹਨਾ ਕੋਲ ਜ਼ਮੀਨ ਸੀ। ਉਹ ਜਵਾਨੀ 'ਚ ਸਟੋਰ ਕੀਪਰ ਬਣੇ। ਪਰ ਹੈਰਾਨੀ ਦੀ ਗੱਲ ਇਹ ਕਿ ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਉਹਨਾ ਆਖ਼ਰੀ ਉਮਰ 'ਚ ਖੇਤੀ ਨੂੰ ਤਰਜੀਹ ਦਿੱਤੀ।ਉਹਨਾ ਦੀ ਬਾਣੀ 'ਚ ਕਣਕ, ਚਾਵਲ, ਕਪਾਹ, ਨਾਰੀਅਲ, ਅੰਬ, ਸੂਰਜਮੁਖੀ, ਗੰਨਾ ਆਦਿ ਫ਼ਸਲਾਂ ਦਾ ਜ਼ਿਕਰ ਹੈ। ਦਰਖ਼ਤਾਂ ਦਾ ਵਰਨਣ ਹੈ, ਪੰਛੀਆਂ ਅਤੇ ਜਾਨਵਰਾਂ ਨਾਲ ਪ੍ਰੇਮ-ਪਿਆਰ ਦੀਆਂ ਗੱਲਾਂ-ਬਾਤਾਂ ਹਨ। ਵਾਤਾਵਰਨ ਨਾਲ ਤਾਂ ਉਹਨਾ ਦਾ ਅੰਤਾਂ ਦਾ ਮੋਹ ਹੈ।ਪਰ ਅੱਜ ਪੰਜਾਬ ਨੂੰ, ਪੰਜਾਬ ਦੇ ਖੇਤਾਂ ਨੂੰ, ਪੰਜਾਬ ਦੀ ਖੇਤੀ ਨੂੰ, ਪੰਜਾਬ ਦੇ ਲੋਕਾਂ ਨੂੰ ਆਪਣੀ ਹੋਂਦ ਦਾ ਖਤਰਾ ਪੈਦਾ ਹੋ ਗਿਆ ਹੈ। ਉਹ ਨਾਨਕ ਖੇਤੀ ਦਾ ਸੰਕਲਪ ਜੋ ਬਾਬੇ ਨਾਨਕ ਨੇ ਚਿਤਵਿਆ ਅਤੇ ਇਸ ਧਰਤੀ 'ਤੇ ਲਾਗੂ ਕੀਤਾ ਸੀ, ਉਹ ਦੇਸ਼ ਦੇ ਹਾਕਮਾਂ, ਕਾਰਪੋਰੇਟ ਜਗਤ ਨਾਲ ਰਲਕੇ ਹਥਿਆਉਣ ਦੀ ਵੱਡੀ ਸਾਜ਼ਿਸ਼ ਕੀਤੀ ਹੈ। ਖੇਤੀ, ਜਿਹੜੀ ਪੰਜਾਬ ਦੇ ਲੋਕਾਂ ਦਾ ਢਿੱਡ ਭਰਨ ਲਈ, ਉਹਨਾ ਦੀਆਂ ਲੋੜਾਂ ਦੀ ਸਾਧਕ ਸੀ, ਉਸਦਾ ਵਪਾਰੀਕਰਨ ਕਰਕੇ, ਤਿੰਨ ਖੇਤੀ ਕਾਲੇ ਕਾਨੂੰਨ ਪਾਸ ਕੀਤੇ ਹਨ।ਪੰਜਾਬ ਕੁਰਲਾ ਰਿਹਾ ਹੈ। ਸੰਘਰਸ਼ ਲਈ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਭਰ ਤੋਂ ਬੈਠਾ ਹੈ। 600 ਤੋਂ 700 ਤੋਂ ਵੱਧ ਕਿਸਾਨ ਸੰਘਰਸ਼ 'ਚ ਮਰ ਚੁੱਕੇ ਹਨ। ਦਿੱਲੀ ਦੀ ਸਰਹੱਦ 'ਤੇ ਬੈਠੇ ਕਿਸਾਨ ਖੁਲ੍ਹੀ ਜੇਲ੍ਹ ਭੁਗਤ ਰਹੇ ਹਨ।ਹਾਕਮਾਂ ਵਿਰੁੱਧ ਲੜ ਰਹੇ ਹਨ।ਕਾਰਪੋਰੇਟਾਂ ਦੀ ਸਾਜ਼ਿਸ਼ਾਨਾ ਸੋਚ ਨੰਗੀ ਕਰ ਰਹੇ ਹਨ। ਕੋਈ ਉਹਨਾ ਦੀ ਸੁਣ ਨਹੀਂ ਰਿਹਾ। ਪਰ ਉਹ ਆਜ਼ਾਦੀ ਦੀ ਇੱਕ ਹੋਰ ਜੰਗ ਲੜ ਰਹੇ ਹਨ। ਇਹੋ ਜਿਹੇ ਭਿਅੰਕਰ ਸਮਿਆਂ 'ਚ ਅੱਜ ਤੋਂ ਪੰਜ ਸਦੀਆਂ ਪਹਿਲਾਂ ਬਾਬੇ ਨਾਨਕ ਉਚਾਰਿਆ ਸੀ, "ਰਾਜੇ ਸੀਹ ਮੁਕਦਮ ਕੁਤੇ, ਜਾਇ ਜਗਾਇਣ ਬੈਠੇ ਸੁਤੇ" ਅਤੇ "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ"। ਭਾਵੇਂ ਅੱਜ ਵੀ ਸਥਿਤੀ ਉਹਨਾ ਸਮਿਆਂ ਤੋਂ ਪੰਜਾਬ ਲਈ ਵੱਖਰੀ ਨਹੀਂ ਜਾਪਦੀ!ਪਰ ਤਸੱਲੀ ਵਾਲੀ ਗੱਲ ਹੈ ਕਿ ਨਾਨਕ ਦਾ ਫ਼ਲਸਫਾ ਪੰਜਾਬੀਆਂ ਨੇ ਆਪਣੇ ਮਨ 'ਚ ਸੰਜੋਇਆ ਹੈ। ਹੱਕ, ਸੱਚ ਲਈ ਜਾਤ-ਪਾਤ, ਧਰਮ ਤੋਂ ਉਪਰ ਉਠਕੇ ਇੱਕ-ਜੁੱਟ ਹੋਕੇ ਲਾਮਬੰਦੀ ਕੀਤੀ ਹੈ। ਖੇਤੀ ਅਤੇ ਖੇਤਾਂ ਨਾਲ ਆਪਣਾ ਮੋਹ ਪਾਲੀ ਰੱਖਿਆ ਹੈ। ਇਹੋ ਗੁਰੂ ਨਾਨਕ ਦੇਵ ਜੀ ਦਾ ਫ਼ਲਸਫਾ ਪੰਜਾਬੀਆਂ ਲਈ ਨਵੇਂ ਸੁਪਨੇ ਸਿਰਜਣ ਲਈ ਸਹਾਈ ਹੋ ਸਕੇਗਾ, ਖ਼ਾਸ ਤੌਰ 'ਤੇ ਉਹਨਾ ਪੰਜਾਬੀਆਂ ਲਈ, ਜਿਹਨਾ ਦਾ ਪੰਜਾਬ ਦੀ ਮੌਜੂਦਾ ਸਥਿਤੀ 'ਚ ਮੋਹ-ਭੰਗ ਹੋ ਗਿਆ ਹੈ ਅਤੇ ਉਹ ਵੀ ਜਿਹੜੇ ਲਗਾਤਾਰ ਆਪਣੇ ਬੱਚਿਆਂ ਨੂੰ ਮਜ਼ਬੂਰੀ ਬੱਸ ਪ੍ਰਵਾਸ ਦੇ ਰਾਹ ਤੋਰਨ ਨੂੰ ਮਜ਼ਬੂਰ ਹੋ ਰਹੇ ਹਨ।

JASRAJ SINGH HALLAN
MP | CALGARY FOREST LAWN
VETERAN's FOOD DRIVE
November 1st -30th, 2021
Come and bring non-perishable food or donations to our Calgary Office. Let's come together as a community and give back to those who gave everything to serve our nation.
ADDRESS TO DONATE OR DROP OFF:
225,525 - 28th Street SE, Calgary, AB, T2A 6W9
PHONE: 403-207-3030 | Email: JasrajSingh.Hallan@parl.gc.ca

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent





Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ਼
• Cruises • ਕਰੂਜਜ
• Travel Insurance • ਟਰੈਵਲ ਇੰਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets: Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca




Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.




ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ



**ਮਾਤਾ ਗੰਗਾ ਜੀ ਦੀ ਖਾਹਸ਼ ਨੂੰ ਪੂਰਾ ਕਰਨ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਕਹਿ, ਬਾਬਾ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਸਤਿਕਾਰ ਬਖਸ਼ਿਆ। ਪ੍ਰਭੂ-ਕਿਰਪਾ ਸਦਕਾ ਮਾਤਾ ਜੀ ਦੀ ਖਾਹਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਰ ਖੇਤਰ ਵਿਚ ਪ੍ਰਬੀਨ ਬਣਾਉਣ ਲਈ ਬਾਬਾ ਬੁੱਢਾ ਜੀ ਦੀਆਂ ਹੀ ਸੇਵਾਵਾਂ ਲਈਆਂ ਗਈਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦਾ ਤਿਲਕ ਦਿੱਤਾ ਤੇ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਤਾਂ ਜੋ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸ਼ਹੀਦ ਗੁਰੂ-ਪਿਤਾ ਦੀਆਂ ਇਛਾਵਾਂ ਅਨੁਸਾਰ ਹਰ ਤਰ੍ਹਾਂ ਤਿਆਰੀ ਸ਼ੁਰੂ ਕਰ ਦਿੱਤੀ।**

**- ਡਾ. ਹਰਜਿੰਦਰ ਸਿੰਘ ਦਿਲਗੀਰ**

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਸਨ। ਉਹ ਰੂਹਾਨੀ ਦੁਨੀਆਂ ਦੇ ਨਵੇਂ ਯੁੱਗ ਦੇ ਮੋਢੀ ਸਨ। ਉਹ ਰੂਹਾਨੀ ਜਹਾਨ ਦੇ ਲਾਸਾਨੀ ਫਿਲਾਸਫਰ ਵੀ ਸਨ।

ਗੁਰੂ ਨਾਨਕ ਸਾਹਿਬ ਅਜੀਮ ਸ਼ਖ਼ਸੀਅਤ ਸਨ। ਉਹ ਇਕ 'ਰੂਹਾਨੀ ਚੁੰਬਕ' ਲੋਹੇ ਦੇ ਹਰ ਇਕ ਕਣ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਹਰ ਇਨਸਾਨ ਨੂੰ ਆਪਣੇ ਸਿਖਿਆ ਨਾਲ ਸਿੱਖ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਵੱਡੇ ਵੱਡੇ ਆਲਮ ਤੇ ਫਾਜਲ (ਵਿਦਵਾਨ) ਲੋਕ, ਰਾਜੇ-ਮਹਾਰਾਜੇ, ਜਗੀਰਦਾਰ, ਚੌਧਰੀ, ਅਮੀਰ ਤੇ ਸ਼ਾਹ, ਮਿਹਨਤਕਸ਼ ਤੇ ਫਕੀਰ ਆਪ ਨੇ ਮੁਰੀਦ ਬਣਾਏ। ਭਾਵੇਂ ਗੁਰੂ ਸਾਹਿਬ ਨੇ ਕਿਸੇ ਨੂੰ ਸਿੱਖ ਬਣਨ ਵਾਸਤੇ ਨਹੀਂ ਕਿਹਾ ਪਰ ਜੋ ਵੀ ਸ਼ਖ਼ਸ ਉਨ੍ਹਾਂ ਨੂੰ ਮਿਲਿਆ ਉਹ ਸਦਾ ਵਾਸਤੇ ਉਨ੍ਹਾਂ ਦਾ ਨਾਮ ਲੇਵਾ ਹੋ ਗਿਆ।

ਗੁਰੂ ਸਾਹਿਬ ਮਹਾਨ ਪ੍ਰਚਾਰਕ ਸਨ। ਉਨ੍ਹਾਂ ਨੇ 40-50 ਹਜ਼ਾਰ ਕਿਲੋਮੀਟਰ ਪੈਦਲ ਚੱਲ ਕੇ ਕਈ ਮੁਲਕਾਂ ਦਾ ਦੌਰਾ ਕੀਤਾ ਅਤੇ ਸੈਂਕੜੇ ਨਗਰਾਂ ਦੇ ਲੋਕਾਂ ਨੂੰ ਰੂਹਾਨੀਅਤ ਦਾ ਪਾਠ ਪੜ੍ਹਾਇਆ। ਉਨ੍ਹਾਂ ਨੇ ਲੋਕਾਂ ਦੀ ਸਾਮਾਜਿਕ ਅਤੇ ਧਾਰਮਿਕ ਜ਼ਿੰਦਗੀ ਵੀ ਬਦਲ ਦਿਤੀ। ਉਹ ਪੰਜਾਬ ਦੇ ਪਹਿਲੇ ਤਾਰੀਖਦਾਨ (ਇਤਿਹਾਸਕਾਰ) ਵੀ ਸਨ। ਉਨ੍ਹਾਂ ਦੀਆਂ ਰਚਨਾਵਾਂ 'ਬਾਬਰ ਵਾਣੀ', 'ਆਸਾ ਦੀ ਵਾਰ', 'ਸਿੱਧ ਗੋਸ਼ਟ' ਵਗੈਰਾ ਉਸ ਜ਼ਮਾਨੇ ਦੀ ਕੀਮਤੀ ਤਵਾਰੀਖ ਹਨ। ਤਵਾਰੀਖ ਦੀ ਅਜਿਹੀ ਕਮਾਲ ਦੀ ਜਾਣਕਾਰੀ ਤੇ ਬਿਆਨ ਉਨ੍ਹਾਂ ਤੋਂ ਬਾਅਦ ਦੇ ਲੇਖਕਾਂ ਵਿਚ ਨਹੀ ਮਿਲਦੀ।

ਗੁਰੂ ਸਾਹਿਬ ਨੇ ਇਨਸਾਨ ਨੂੰ ਅਣਖ ਨਾਲ ਜੀਣ ਦਾ ਪੈਗਾਮ ਦਿਤਾ। ਬੇਗੈਰਤ ਇਨਸਾਨ ਦੀ ਜ਼ਿੰਦਗੀ ਨੂੰ ਉਨ੍ਹਾਂ ਨੇ ਹਰਾਮ ਆਖਿਆ।

ਗੁਰੂ ਸਾਹਿਬ ਨੇ 'ਸਚਿਆਰ' ਦੀ ਜ਼ਿੰਦਗੀ ਜਿਉਣ (ਕਿਰਤ ਕਰਣਾ, ਵੰਡ ਛੱਕਣਾ, ਨਾਮ ਜਪਣਾ) ਦਾ ਸਬਕ ਦਿਤਾ। ਹਰ ਇਨਸਾਨ ਨੂੰ ਕਿਰਤ ਕਮਾਈ ਦੀ, ਹੱਕ ਹਲਾਲ ਦੀ ਤੇ ਇਮਾਨਦਾਰੀ ਦੀ ਕਮਾਈ ਕਰਨੀ ਚਾਹੀਦੀ ਹੈ। ਹਰ ਇਨਸਾਨ ਦਾ ਫਰਜ ਹੈ ਕਿ ਉਹ ਆਪਣੀ ਕਮਾਈ ਵਿਚੋਂ ਦਸਵੰਦ ਕੱਢ ਕੇ ਲੋਕਾਈ ਦੀ ਭਲੇ ਵਾਸਤੇ ਖਰਚ ਕਰੇ ਅਤੇ ਲੋੜਵੰਦਾਂ ਤੇ ਮਜ਼ਬੂਰ ਤੇ ਲਾਚਾਰ ਲੋਕਾਂ ਦੀ ਮਦਦ ਕਰੇ। ਉਨ੍ਹਾਂ ਨੇ ਹਰ ਸਿੱਖ ਨੂੰ ਸਮਾਜ ਦਾ ਫਾਇਦੇ ਵਾਲਾ ਹਿੱਸਾ ਬਣਾਇਆ। ਉਨ੍ਹਾਂ ਆਖਿਆ ਕਿ ਹਰ ਇਨਸਾਨ ਦਾ ਫਰਜ਼ ਹੈ ਕਿ ਉਹ ਲੋਕਾਈ ਦੇ ਭਲੇ ਵਿਚ ਆਪਣਾ ਵੱਧ ਤੋਂ ਵੱਧ ਹਿੱਸਾ ਪਾਵੇ। ਹਰ ਇਨਸਾਨ ਨੂੰ ਕਿਰਤ ਕਰਨ ਤੇ ਵੰਡ ਛੱਕਣ ਦੇ ਨਾਲ-ਨਾਲ ਰੱਬ ਦਾ ਨਾਮ ਵੀ ਜਪਣਾ (ਉਸਨੂੰ ਹਰ ਵੇਲੇ ਯਾਦ ਰੱਖਣਾ) ਚਾਹੀਦਾ ਹੈ। ਰੱਬ ਦਾ ਨਾਮ ਜੱਪਣ ਦਾ ਮਤਲਬ ਹਰ ਵੇਲੇ ਰੱਬ-ਰੱਬ (ਜਾਂ ਵਾਹਿਗੁਰੂ-ਵਾਹਿਗੁਰੂ) ਕਹੀ ਜਾਣਾ ਨਹੀਂ ਹੈ ਬਲਕਿ ਰੱਬ ਨੂੰ ਹਰ ਥਾਂ ਹਾਜ਼ਰ ਨਾਜ਼ਰ ਜਾਣ ਕੇ, ਉਸਦੇ ਪਵਿੱਤਰ ਤੇ ਨਿਰਮਲ ਭਉ ਵਿਚ ਰਹਿ ਕੇ ਜ਼ਿੰਦਗੀ ਜਿਉਣੀ ਚਾਹੀਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਰੱਬ ਨਿੰਰਕਾਰ ਹੈ। ਉਸ ਦਾ ਕੋਈ ਰੰਗ, ਸ਼ਕਲ ਨਹੀਂਹੈ। ਇਸ ਕਰਕੇ ਉਸਦੀ ਕੋਈ ਮੂਰਤੀ ਜਾਂ ਬੁੱਤ ਵੀ ਨਹੀਂ ਹੋ ਸਕਦਾ। ਉਹ ਕਦੇ ਵੀ ਇਨਸਾਨੀ ਰੂਪ ਵਿਚ ਨਹੀਂ ਆਉਂਦਾ। ਅਕਾਲ ਪੁਰਖ ਸਾਰੀ ਦੁਨੀਆਂ ਵਿਚ ਰਮਿਆ ਹੋਇਆ ਹੈ। ਅਸੀਂ ਰੱਬ ਨੂੰ ਉਸਦੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਉਸਦੀ ਪੈਦਾ ਕੀਤੀ ਦੁਨੀਆਂ ਤੇ ਅਸੀਂ ਵਿਸਮਾਦ ਜਾਹਿਰ ਕਰ ਸਕਦੇ ਹਾਂ। ਉਸਦੀ ਕੁਦਰਤ ਵਿਚੋਂ ਅਸੀਂ ਉਸਦੀ ਮਹਾਨਤਾ, ਤਾਕਤ ਤੇ ਹੱਸਤੀ ਦਾ ਅਹਿਸਾਸ ਕਰ ਸਕਦੇ ਹਾਂ। ਸਾਰੀ ਦੁਨੀਆਂ, ਸਾਰੀ ਕਾਇਨਾਤ ਉਸਦੇ ਹੁਕਮ ਅਨੁਸਾਰ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਅਕਾਲ ਪੁਰਖ ਦੀ ਨਿਗਾਹ ਵਿਚ ਕੋਈ ਛੋਟਾ ਜਾਂ ਵੱਡਾ ਨਹੀਂ ਹੈ। ਉਸ ਵਾਸਤੇ ਕੋਈ ਚੁਣੇ ਹੋਏ ਜਾਂ ਰੱਦ ਕੀਤੇ ਹੋਏ ਲੋਕ ਨਹੀਂ ਸਨ। ਰੱਬ ਸਾਰੀਆਂ ਤੇ ਇੱਕੋ ਜਿਹੀ ਨਜ਼ਰ ਰੱਖਦਾ ਹੈ। ਉਸਦੀ ਕਿਰਪਾ, ਮਿਹਰ, ਬਖਸ਼ਿਸ਼, ਉਸਦਾ ਪ੍ਰਸ਼ਾਦ ਹਰ ਇੱਕ ਵਾਸਤੇ ਇਕੋ ਜਿਹਾ ਹੈ। ਇਵੇਂ ਹੀ ਉਸਦਾ ਇਨਸਾਫ ਹਰ ਇੱਕ ਵਾਸਤੇ ਇਕੋ ਜਿਹਾ ਹੈ। ਪਰ ਜਿੰਨਾ ਕੋਲ ਦਇਆ, ਪਿਆਰ, ਨੇਕੀ, ਇਨਸਾਨੀਅਤ ਨਹੀਂ ਹੁੰਦੀ ਤੇ ਜੋ ਖੁਦ ਨਫ਼ਰਤ ਵੰਡਦੇ ਹਨ ਉਹ ਰੱਬ ਦੀ ਬਖਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਨ। ਉਂਝ ਅਜਿਹੇ ਸਖਸ਼ ਦੀ ਮੁੜ ਰੱਬ ਦੇ ਰਸਤੇ ਚੱਲ ਕੇ ਉਸਦੀ ਬਖਸ਼ਿਸ਼ ਹਾਸਲ ਕਰ ਸਕਦੇ ਹਨ। ਇਨਸਾਨ ਨੂੰ ਰੱਬ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਰੱਬ ਨਾਲ ਸ਼ਿਕਵਾ-ਸ਼ਿਕਾਇਤ ਕਰਨਾ ਉਸਦਾ ਭਾਣਾ ਨਾ ਮੰਨਣਾ ਹੈ।

ਗੁਰੂ ਨਾਨਕ ਦੇਵ ਜੀ ਔਰਤ ਨੂੰ ਮਰਦ ਤੋਂ ਨੀਵਾਂ ਦਰਜਾ ਦੇਣ ਨੂੰ ਵੀ ਗੈਰ ਰੂਹਾਨੀ ਸੋਚ ਆਖਦੇ ਹਨ। ਜਿਹੜੀ ਔਰਤ ਰਾਜਿਆਂ ਤੇ ਮਹਾਨ ਰੂਹਾਨੀ ਹੱਸਤੀਆਂ ਨੂੰ ਜਨਮ ਦਿੰਦੀ ਹੈ, ਉਹ ਮਾੜੀ ਕਿੰਝ ਹੋ ਸਕਦੀ ਹੈ?

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਗੁਰੂ ਨਾਨਕ ਦੇਵ ਜੀ ਨੇ ਰੂਹਾਨੀਅਤ ਅਤੇ ਸੇਵਾਂ ਨੂੰ ਇੱਕ ਦੂਜੇ ਦਾ ਪੂਰਕ ਬਣਾਇਆ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਤੋਂ ਬਿਨਾਂ ਧਰਮ ਅਧੂਰਾ ਹੈ ਅਤੇ ਲੋਕਾਈ ਦੇ ਭਲੇ ਤੋਂ ਬਿਨਾਂ ਰੂਹਾਨੀਅਤ ਫੋਕੀ ਹੈ। ਉਨ੍ਹਾਂ ਧਰਮ ਨੂੰ ਭਾਈਚਾਰਕ ਰੂਹਾਨੀਅਤ ਦਾ ਆਧਾਰ ਬਣਾਇਆ।

ਗੁਰੂ ਨਾਨਕ ਦੇਵ ਜੀ ਗ੍ਰਹਿਸਤ ਧਰਮ ਨੂੰ ਇਨਸਾਨ ਵਾਸਤੇ ਸਭ ਤੋਂ ਚੰਗਾ ਰਸਤਾ ਕਹਿੰਦੇ ਹਨ। ਇਸ ਦੁਨੀਆਂ ਵਿਚ ਰਹਿਣ ਵਾਲੇ ਇਨਸਾਨ ਦੀਆਂ ਕੁਝ ਬੁਨਿਆਦੀ ਜਿਸਮਾਨੀ ਲੋੜਾਂ ਵੀ ਹਨ। ਗੁਰੂ ਨਾਨਕ ਦੇਵ ਜੀ ਇਨਸਾਨ ਦੀ ਜ਼ਿੰਦਗੀ ਦੇ ਇਸ ਪਹਿਲੂ ਨੂੰ ਰੱਦ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਇਨਸਾਨ ਨੂੰ ਮੋਹ ਮਾਇਆ ਛੱਡਣੀ ਚਾਹੀਦੀ ਹੈ, ਦੁਨੀਆਂ ਨਹੀਂ। ਇਨਸਾਨ ਨੂੰ ਇਸ ਦੁਨੀਆਂ ਦੀ ਪੱਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ। ਨਾ ਕੀ ਦੁਨੀਆਦਾਰੀ ਹੀ ਛੱਡ ਦੇਣੀ ਚਾਹੀਦੀ ਹੈ। ਦੁਨੀਆਂ ਤਿਆਗਣਾ ਤਾਂ ਮੈਦਾਨ ਵਿਚੋਂ ਦੌੜਨ ਵਾਲੀ ਗੱਲ ਹੈ। ਦੂਜਾ, ਦੁਨੀਆਂ ਤਿਆਗ ਕੇ ਫੇਰ ਗ੍ਰਹਿਸਥੀਆਂ ਤੋਂ ਹੀ ਬੁਨਿਆਦੀ ਜ਼ਰੂਰਤਾਂ ਵਾਸਤੇ ਮਦਦ ਮੰਗਣੀ ਪੈਂਦੀ ਹੈ, ਸੋ ਇਹ ਤਾਂ ਇੱਕ ਕਿਸਮ ਦਾ ਦੰਭ ਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਸਬਕ ਸੀ ਕਿ ਇਨਸਾਨ ਨੇ ਮੁਕਤੀ ਇਸੇ ਜ਼ਿੰਦਗੀ ਵਿਚ ਹਾਸਲ ਕਰਨੀ ਹੈ। ਸਿੱਖ ਫਲਸਫੇ ਮੁਤਾਬਕ ਆਪਣੇ ਆਪ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹਉਮੈ ਤੋਂ ਬਚਾਅ ਲੈਣਾ ਹੀ ਮੁਕਤੀ ਹੈ। ਮੁਕਤੀ ਕੋਈ ਕਰਨ ਪਿੱਛੋਂ ਹਾਸਲ ਕਰਨ ਵਾਲੀ ਸ਼ੈਅ ਨਹੀਂ ਹੈ। ਮਰਨ ਮਗਰੋਂ ਹਾਸਲ ਹੋਣ ਵਾਲੀ ਤਾਂ ਅਖੌਤੀ ਮੁਕਤੀ ਹੈ। (ਉਸ ਹਿਸਾਬ ਨਾਲ ਤਾਂ ਮੌਤ ਹੀ ਮੁਕਤੀ ਹੈ) ਅਸਲ ਮੁਕਤੀ ਤਾਂ ਜੀਵਨ ਮੁਕਤੀ ਹੈ ਜੋ ਇਨਸਾਨ ਹੀ ਜੀਊਂਦਿਆਂ ਹੀ ਹਾਸਲ ਕਰ ਸਕਦਾ ਹੈ। ਉਨ੍ਹਾਂ ਨੇ ਇਨਸਾਨ ਨੂੰ ਸਾਦੀ ਜ਼ਿੰਦਗੀ ਜੀਊਣ ਦਾ ਸਬਕ ਦਿੱਤਾ। ਉਨ੍ਹਾਂ ਕਿਹਾ ਕਿ ਬੰਦਾ ਆਪਣੀਆਂ ਖਾਹਿਸ਼ਾਂ ਵਧਾਉਂਦਾ ਵਧਾਉਂਦਾ ਇਸ ਮਾਇਆ ਜਾਲ ਵਿਚ ਫਸ ਜਾਂਦਾ ਹੈ ਤੇ ਫਿਰ ਵਧੀਆਂ ਖਾਹਿਸ਼ਾਂ ਦੀ ਪੂਰਤੀ ਵਾਸਤੇ ਪਾਪ ਕਰ ਕਰਦਾ ਹੈ। ਉਨ੍ਹਾਂ ਨੇ ਕਰਮ ਕਾਂਡ ਤੇ ਧਾਰਮਿਕ ਦਿਖਾਵੇ ਨੂੰ ਪਾਖੰਡ ਦੱਸਿਆ ਅਤੇ ਕਿਹਾ ਕਿ ਚੰਗਾ ਇਨਸਾਨ ਬਣਨਾ ਹੀ ਅਸਲ ਧਰਮ ਹੈ। ਧਰਮ ਵਿਚ ਸੱਚ, ਪਿਆਰ, ਇਨਸਾਨੀਅਤ, ਇਨਸਾਫ, ਸਾਦਾ ਜੀਵਨ, ਲੋਕ ਸੇਵਾ, ਵਿਕਾਰਾਂ ਤੋਂ ਬੱਚਣਾ, ਮਨ ਦੀਆਂ ਖਾਹਿਸ਼ਾਂ ਤੇ ਕਾਬੂ ਪਾਉਣਾ (ਮਨ ਨੂੰ ਜਿੱਤਣਾ) ਹੀ ਅਸਲ ਕਰਮ ਤੇ ਭਗਤੀ ਹਨ।

ਗੁਰੂ ਨਾਨਕ ਦੇਵ ਜੀ ਪਹਿਲੇ ਧਾਰਮਿਕ ਮੁੱਖੀ ਸਨ ਜਿੰਨਾਂ ਨੇ ਧਰਤੀ ਦੀ ਰਚਨਾ ਤੇ ਇਸ ਬ੍ਰਹਿਮੰਡ ਦੀ ਬੇਅੰਤਤਾ ਬਾਰੇ ਅਜੋਕੀ ਸਾਇੰਸ ਤੋਂ ਵੀ ਅਗਲੇਰੀਆਂ ਗੱਲਾਂ ਪੇਸ਼ ਕੀਤੀਆਂ ਸਨ। ਅੱਜ ਜੋ ਕੁਝ ਸਾਇੰਸ ਮੰਨ ਰਹੀ ਹੈ ਉਸਦਾ ਬਹੁਤ ਹਿੱਸਾ ਗੁਰੂ ਨਾਨਕ ਦੇਵ ਜੀ ਦੀ 'ਬਾਣੀ ਵਿਚ ਪਹਿਲੋ ਹੀ ਮੌਜੂਦ ਹੈ।

## ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ ਤੇਰੀ, ਧੰਨ ਵਡਿਆਈ ਏ।
ਅੱਜ ਤੈਨੂੰ ਵਾਜਾਂ ਮਾਰੇ, ਸਾਰੀ ਲੋਕਾਈ ਏ।
ਜੱਗ ਉੱਤੇ ਮੱਸਿਆ ਦੀ, ਰਾਤ ਕਾਲੀ ਛਾਈ ਸੀ।
ਕੂੜ ਵਾਲੀ ਮੈਲ ਸਾਡੇ , ਦਿਲਾਂ ਉੱਤੇ ਆਈ ਸੀ।
ਪੁੰਨਿਆਂ ਦੇ ਚੰਨਾਂ ਤੂੰ ਤਾਂ, ਕੀਤੀ ਰੁਸ਼ਨਾਈ ਏ
ਧੰਨ.........
ਕੌਡੇ ਜਿਹੇ ਰਾਖਸ਼, ਮੁਰੀਦ ਤੇਰੇ ਹੋ ਗਏ।
ਠਗਾਂ ਕੀਤੇ ਸਜਦੇ ਜਾਂ, ਦੀਦ ਤੇਰੇ ਹੋ ਗਏ।
ਤਪਦੀ ਲੋਕਾਈ ਨੂੰ ਤੂੰ, ਠੰਢ ਵਰਤਾਈ ਏ
ਧੰਨ.........
ਜਾਤ ਪਾਤ ਵਾਲਾ ਭੇਦ, ਜੱਗ 'ਚੋਂ ਮਿਟਾਇਆ ਏ।
ਭਰਮਾਂ 'ਚੋਂ ਕੱਢ ਸੱਚਾ, ਰਸਤਾ ਦਿਖਾਇਆ ਏ।
ਜੋਗੀਆਂ ਤੇ ਸਿੱਧਾਂ ਸੰਗ, ਗੋਸ਼ਟਿ ਰਚਾਈ ਏ
ਧੰਨ.........
ਬਾਣੀ ਵਾਲੇ ਬਾਣ ਤੇਰੇ, ਜੱਗ ਨੂੰ ਝੁਕਾਇਆ ਸੀ।
ਬਾਬਰ ਜਿਹੇ ਜਾਬਰਾਂ ਵੀ, ਸੀਸ ਨਿਵਾਇਆ ਸੀ।
ਔਰਤ ਦੇ ਹੱਕ 'ਚ, ਅਵਾਜ਼ ਤੂੰ ਉਠਾਈ ਏ
ਧੰਨ.........
ਸੱਜਣਾ ਜਿਹੇ ਠੱਗ ਅੱਜ, ਲੁੱਟ ਪਏ ਮਚਾਉਂਦੇ ਨੇ।
ਭਾਗੋਆਂ ਦੇ ਟੋਲੇ ਰਲ਼, ਮਹਿਫਲਾਂ ਸਜਾਉਂਦੇ ਨੇ।
ਲਾਲੋਆਂ ਦੀ 'ਦੀਸ਼' ਏਥੇ, ਨਹੀਉਂ ਸੁਣਵਾਈ ਏ
ਧੰਨ.........

ਗੁਰਦੀਸ਼ ਕੌਰ ਗਰੇਵਾਲ
403-404-1450

## ਨਨਕਾਣੇ ਦੇ ਨੂਰ-ਭਰਪੂਰ ਗੁਰੂ ਨਾਨਕ


-ਡਾ. ਸੁਰਿੰਦਰ ਕਾਹਲੋਂ

ਤਵਾਰੀਖ ਦੇ ਸਜਰਾ ਸੂਰਜ ਸਰੂਰ ਗੁਰੂ ਨਾਨਕ॥
ਪਹਿਲੜੀ ਪਛਾਣੂ ਭੈਣ ਨਾਨਕੀ ਦੇ ਵੀਰ ਗੁਰੂ ਨਾਨਕ॥
ਇਕਨਾ ਦੇ ਗੁਰਦੇਵ ਇਕਨਾ ਦੇ ਪੀਰ ਗੁਰੂ ਨਾਨਕ॥
ਫੋਕੀਆਂ ਫਕੀਰੀਆਂ ਨੂੰ ਵੱਡੜੀ ਵੰਗਾਰ ਗੁਰੂ ਨਾਨਕ॥
ਇਲਾਹੀ ਸ਼ਬਦ ਸਾਧਨਾ ਸੰਚਾਰ ਗੁਰੂ ਨਾਨਕ॥
ਜੁੱਗੋ-ਜੁੱਗ ਜਗਦੇ ਹੋਰ-ਹੋਰ ਚਾਨਣਹਾਰ ਗੁਰੂ ਨਾਨਕ॥
ਝੂਠਿਆਂ ਗੁਰੂਆਂ ਪੀਰਾਂ ਤੇ ਵਾਰ ਗੁਰੂ ਨਾਨਕ॥
ਭਾਈ ਲਾਲੋਆਂ ਦੇ ਧਰਮ ਪੈਰੋਕਾਰ ਗੁਰੂ ਨਾਨਕ॥
ਵਿਚਾਰ ਵੱਥ ਸੰਥਿਆ ਸਾਕਾਰ ਗੁਰੂ ਨਾਨਕ॥
ਅੰਬਰਾਂ ਉੱਚੀ ਜਗਤ ਜੋਤ ਜੁੱਗਿਆਰ ਗੁਰੂ ਨਾਨਕ॥
ਗਿਆਨ ਅੰਮ੍ਰਿਤ ਨਿਰਮਲ ਧਾਰ ਗੁਰੂ ਨਾਨਕ॥
ਬੁੱਸੀਆਂ ਸਮਾਜੀ ਰੀਤਾਂ ਦੇ ਢਾਹ-ਸੁਆਰ ਗੁਰੂ ਨਾਨਕ॥
ਨਵੇਂ ਸਬਲ ਵਿਸ਼ਵ ਦੇ ਸਿਰਜਣਹਾਰ ਗੁਰੂ ਨਾਨਕ॥
ਅਸੰਖ ਨੂਰਾਂ ਦੇ ਪੁੰਜ ਪਾਸਾਰ ਗੁਰੂ ਨਾਨਕ॥
ਅਨਰ ਭੂਖੰਡਾਂ ਦੇ ਪਾਂਧੀ ਪੱਕਿਆਰ ਗੁਰੂ ਨਾਨਕ॥
ਨਾਨਕਆਣੇ ਦੇ ਨੂਰ ਭਰਪੂਰ ਗੁਰੂ ਨਾਨਕ॥
ਤਵਾਰੀਖ ਦੇ ਸਜਰਾ ਸੂਰਜ ਸਰੂਰ ਗੁਰੂ ਨਾਨਕ॥





# ਘਰ ਦੇ ਕਾਲੇ ਛੋਲੇ ਮੁਰਗੇ ਬਰਾਬਰ



ਸੁਖਵਿੰਦਰ ਬਰਾੜ
91-86996-17609

ਬੱਕਲੀਆਂ ਬੱਕਲੀਆਂ ਬੱਕਲੀਆਂ॥
ਕਾਲੇ ਛੋਲੇ ਸਿਰਫ ਘੋੜਿਆਂ ਲਈ ਹੀ ਨਹੀਂ ਬਣੇ॥
ਕਾਲੇ ਛੋਲੇ ਖਾ ਕੇ ਤੁਸੀਂ ਵੀ HP ਹੌਰਸ ਪਾਵਰ ਵਧਾ ਸਕਦੇ ਹੋ।
ਘਰ ਦੀ ਮੁਰਗੀ ਦਾਲ ਬਰਾਬਰ। ਗਲਤ ਹੈ।
ਘਰ ਦੇ ਕਾਲੇ ਛੋਲੇ ਮੁਰਗੇ ਬਰਾਬਰ॥

ਕਾਲੇ ਛੋਲੇ ਮੀਟ ਤੋਂ ਵਧ ਪ੍ਰੋਟੀਨ, ਲੋਹਾ ਤੇ ਹੋਰ ਜਰੂਰੀ ਤੱਤਾਂ ਨਾਲ ਲੋਡੜ ਹੁੰਦੇ ਹਨ। ਕਦੇ ਦੇਖਿਆ ਇਹਨਾਂ ਦੀ ਤਰੀ (soup) ਵਿੱਚੋਂ ਮੀਟ ਦੀ ਤਰੀ ਵਰਗੀ ਮਹਿਕ ਆਉਂਦੀ ਹੈ ਕਿਉਂਕਿ ਇਸ ਵਿੱਚ ਸਾਰੇ ਜਰੂਰੀ ਅਮਾਈਨੋ ਏਸਿਡ, ਆਇਰਨ, ਮੈਗਨੀਸ਼ੀਅਮ, ਪੋਟਾਸ਼ੀਅਮ, ਫਾਸਫੋਰਸ ਤੇ ਸੈਲੇਨੀਅਮ ਹੁੰਦੇ ਹਨ।

ਇਹਨਾਂ ਨੂੰ ਅਸੀਂ ਵੈਜੀਟੇਰੀਅਨ ਮੀਟ ਵੀ ਕਹਿ ਸਕਦੇ ਹਾਂ। ਮੀਟ ਦੇ ਮੁਕਾਬਲੇ ਇਹਨਾਂ ਵਿਚਲੀ ਪ੍ਰੋਟੀਨ ਜਿਆਦਾ iboavialable ਹੁੰਦੀ ਹੈ ਤੇ ਇਸ ਵਿੱਚ ਕੋਲੈਸਟਰੋਲ, ਗਲੂਟਨ ਵੀ ਨਹੀਂ ਹੁੰਦਾ।

ਜਦੋਂ ਸਕੂਲ ਤੋਂ ਘਰ ਆਈਦਾ ਸੀ ਮਾਤਾ ਜੀ ਤੌੜੀ ਵਿੱਚੋਂ ਗਰਮ ਗਰਮ ਬੱਕਲੀਆਂ ਦੀ ਕੌਲੀ ਕਢ ਕੇ ਲੂਣ ਤੇ ਘਿਓ ਪਾ ਕੇ ਖਿਲਾਉਂਦੀ ਸੀ। ਸਚ ਜਾਣੋ ਇਕ ਵਾਰ ਤਾਂ ਪਸੀਨਾ ਆ ਜਾਂਦਾ ਸੀ। ਦੁੜਕੀਆਂ ਮਾਰਦੇ ਫਿਰਦੇ ਸੀ।

ਆਉ ਜਾਣੀਏ ਦਾਲਾਂ ਦੇ ਰਾਜੇ ਦੇ ਚਮਤਕਾਰ।

ਰੋਮਨ ਗੌਡੈਸ ਵੀਨਸ ਬਿਉਟੀ ਤੇ ਪਿਆਰ ਨਾਲ ਜਾਣੀ ਜਾਂਦੀ ਹੈ। ਉਹ ਕਾਲੇ ਛੋਲਿਆਂ ਨੂੰ ਬਹੁਤ ਪਿਆਰ ਕਰਦੀ ਸੀ। ਇਹ feritilty, sperm ਵਧਾਉਂਦੇ ਹਨ। ਔਰਤਾਂ ਵਿੱਚ ਮੈਂਸਜ ਪੀਰੀਅਡ, ਤੇ ਦੁੱਧ ਪ੍ਰੋਡਕਸ਼ਨ ਲਈ ਬਹੁਤ ਲਾਹੇਵੰਦ ਹੈ।

ਦੁਸਹਿਰਾ, ਨਵਰਾਤਰੀ ਦਿਨਾ ਵਿੱਚ ਦੁਰਗਾ ਮਾਤਾ ਦੀਆਂ ਬਲੈਸਿੰਗ ਪਰਾਪਤ ਕਰਨ ਲਈ ਛੋਲੇ ਮਸਾਲਾ ਦਾ ਪਰਸਾਦ ਵਰਤਦੇ ਹਨ।

ਕਾਲੇ ਛੋਲਿਆਂ ਵਿੱਚ ਪਰੋਟੀਨ, ਰੇਛੇ, ਕਾਰਬਜ, ਵਿਟਾਮਿਨ ਬੀ 6, ਫੋਲੇਟ, ਨਿਆਸੀਨ, ਥਾਇਆਮੀਨ, ਰਾਈਬੋਫਲੈਵਿਨ, ਮੈਂਗਾਨੀਜ, ਫਾਸਫੋਰਸ, ਆਇਰਨ, ਤਾਂਬਾ, ਪੋਟਾਸ਼ੀਅਮ, ਮੈਗਨੀਸ਼ੀਅਮ, ਸੈਲੇਨੀਅਮ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਆਯੁਰਵੇਦ ਕਹਿੰਦਾ ਹੈ ਕਿ ਇਹ ਤਿੰਨੋ ਡੋਸਾਜ ਨੂੰ ਸੰਤੁਲਨ ਕਰਦੇ ਹਨ।

ਇਮੂਉਨਟੀ, ਜਿਸਮਾਨੀ ਤਾਕਤ ਵਧਾਉਂਦੇ ਹਨ। ਇਹਨਾਂ ਵਿੱਚ ਘੁਲਣਸ਼ੀਲ ਤੇ ਨਾਘੁਲਣਸ਼ੀਲ ਰੇਸ਼ੇ ਹੁੰਦੇ ਹਨ ਜੋ ਕਬਜ ਦੂਰ ਕਰਦੇ ਹਨ ਤੇ ਮਿੱਤਰ ਬੈਕਟੀਰੀਆ ਦਾ ਭੋਜਨ ਬਣਦੇ ਹਨ ਜੋ ਕਿ ਬਿਊਟੈਰਿਕ ਐਸਿਡ ਬਣਾਉਂਦੇ ਹਨ ਤੇ ਗਟ ਨੂੰ ਤੰਦਰੁਸਤ ਰੱਖਦੇ ਹਨ। ਕੈਂਸਰ ਰੋਗ ਨਹੀਂ ਲੱਗਣ ਦਿੰਦੇ। ਅਨੀਮਿਆ ਬੀਮਾਰੀ ਨਹੀਂ ਹੁੰਦੀ। ਆਇਰਨ ਭਰਪੂਰ ਛੋਲੇ ਹੇਮੋਗਲੋਬਿਨ ਬਣਾਉਂਦੇ ਹਨ ਤੇ ਰੈਡ ਬਲੱਡ ਸੈਲਾਂ ਨੂੰ ਘਟਣ ਨਹੀਂ ਦਿੰਦੇ।

ਗਰਭਵਤੀ ਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਬਹੁਤ ਫਾਇਦੇਮੰਦ ਹਨ।

ਇਹਨਾਂ ਵਿੱਚ ਬਹੁਤ ਵਧੀਆ ਪਰੋਟੀਨ ਹੁੰਦੀ ਹੈ ਜੋ ਕਿ ਹੱਡੀਆਂ, ਜੋੜਾਂ, ਵਖ ਵਖ ਪਠਿਆਂ, ਚਮੜੀ, ਵਾਲ, ਨਹੁੰ, ਲਿਗਾਮੈਂਟਸ ਲਈ ਬਹੁਤ ਜਰੂਰੀ ਹੈ।

ਕਾਲੇ ਛੋਲਿਆਂ ਦਾ ਗਲਾਈਸੀਮਿਕ ਇੰਡੈਕਸ ਬਹੁਤ ਘਟ ਹੁੰਦਾ ਹੈ (28) ਜੋ ਕਿ ਹੌਲੀ ਹੌਲੀ ਗੁਲੂਕੋਜ਼ ਬਣਾਉਂਦਾ ਹੈ ਤੇ ਸੁਗਰ ਦੀ ਬੀਮਾਰੀ ਜੜ੍ਹੋਂ ਖ਼ਤਮ ਕਰਦਾ ਹੈ।

ਮੈ ਆਮ ਹੀ ਕਿਹਾ ਕਰਦਾ ਹੈ ਕਿ ਭੋਜਨ ਹੀ ਦਵਾਈ ਹੈ ਤੇ ਦਵਾਈ ਸਾਡਾ ਭੋਜਨ ਹੈ।

ਦੋਸਤੋ ਇਸ ਵਿੱਚ ਸੌ ਫੀਸਦੀ ਸਚਾਈ ਹੈ।

ਇਹਨਾਂ ਵਿਚਲਾ ਫਾਈਬਰ ਭੁੱਖ ਘਟਾਉਂਦਾ ਹੈ ਤੇ ਭਾਰ ਘਟਾਉਣ ਲਈ ਬਹੁਤ ਲਾਹੇਵੰਦ ਹੈ।

ਪੋਟਾਸ਼ੀਅਮ, ਮੈਗਨੀਸ਼ੀਅਮ ਦਿਲ ਦੇ ਰੋਗਾਂ ਲਈ ਬਹੁਤ ਲਾਹੇਵੰਦ ਹਨ ਤੇ ਛੋਲਿਆਂ ਵਿੱਚ ਕਾਫੀ ਮਾਤਰਾ ਵਿੱਚ ਪਾਏ ਜਾਂਦੇ ਹਨ।

ਜੌਂਡਿਸ , ਦਿਮਾਗ ਦੇ ਰੋਗਾਂ ਲਈ ਛੋਲੇ ਬਹੁਤ ਵਧੀਆ ਹਨ।

ਚਮੜੀ ਦੇ ਰੋਗ ਤਾਂ ਦਿਨਾਂ ਵਿੱਚ ਹੀ ਠੀਕ ਕਰਦੇ ਹਨ। ਛੋਲਿਆਂ ਦੀ ਦਾਲ ਤੇ ਬੇਸਨ ਚਮੜੀ ਤੇ ਲਗਾਇਆ ਜਾ ਸਕਦਾ ਹੈ।

ਸਿਰ ਦੇ ਵਾਲਾਂ ਵਿੱਚ ਬੇਸਨ ਲਗਾਉਣ ਨਾਲ ਸਿਕਰੀ ਖਤਮ ਹੁੰਦੀ ਹੈ ਤੇ ਵਾਲ ਝੜਨੇ ਰੁਕ ਜਾਂਦੇ ਹਨ। ਵਾਲ ਸਫੈਦ ਵੀ ਨਹੀਂ ਹੁੰਦੇ।

ਬਿਉਟੀ ਪਰੋਡਕਟਸ ਵਿੱਚ ਬੇਸਨ ਆਮ ਹੀ ਵਰਤਿਆ ਜਾਂਦਾ ਹੈ।

ਕਾਲੇ ਛੋਲੇ ਸਿਰਫ ਵੈਸ਼ਨੂੰ ਲੋਕਾਂ ਲਈ ਹੀ ਨਹੀਂ ਬਲਕਿ ਸਾਨੂੰ ਹਰ ਵਿਅਕਤੀ ਲਈ ਵਰਦਾਨ ਹਨ। ਮੈ ਮੀਟ ਖਾਣ ਦੀ ਕਦੇ ਸਲਾਹ ਨਹੀਂ ਦਿੰਦਾ ਬਲਕਿ ਕਾਲੇ ਛੋਲਿਆਂ ਦੀ।


ਇਹ ਬਲੱਡ ਪ੍ਰੈਸ਼ਰ ਸੰਤੁਲਨ ਕਰਦੇ ਹਨ।

ਬਹੁਤੇ ਆਯੁਰਵੈਦ ਭਿੱਜੇ ਕੱਚੇ ਛੋਲੇ ਖਾਣ ਦੀ ਸਲਾਹ ਦਿੰਦੇ ਹਨ। ਮੈਂ ਇਸ ਦੇ ਬਿਲਕੁਲ ਖਿਲਾਫ ਹਾਂ।

ਛੋਲੇ ਪਕਾਉਣ ਦੀ ਵਿਧੀ:

ਛੋਲਿਆਂ ਵਿੱਚ ਕੁੱਝ ਜਹਿਰੀਲੇ ਪਦਾਰਥ ਜਿਵੇਂ ਕਿ ਲੈਕਟੀਨਜ ਤੇ ਫਾਈਟਿਕ ਐਸਿਡ ਹੁੰਦੇ ਹਨ ਉਹਨਾਂ ਨੂੰ ਬੇਅਸਰ ਕਰਨਾ ਹੁੰਦਾ ਹੈ।







Dr. Sukhwinder Singh Brar

ਆਉ ਦੇਖੀਏ ਕਿਵੇਂ ਤੇ ਕਿੰਨਾ ਬੇਅਸਰ ਹੁੰਦਾ ਹੈ।

ਛੋਲਿਆਂ ਨੂੰ ਗਰਮ ਪਾਣੀ ਵਿੱਚ ਅੱਧਾ ਚਮਚ ਮਿੱਠਾ ਸੋਢਾ ਪਾ ਕੇ 8-10 ਘੰਟੇ ਭਿਆਉਣਾ ਹੈ। ਸਰਦੀਆਂ ਵਿੱਚ ਕੰਬਲ ਜਾਂ ਗਰਮ ਕਪੜੇ ਨਾਲ ਢੱਕਣਾ ਹੈ।

ਪਕਾਉਣ ਵੇਲੇ ਛੋਲਿਆਂ ਦਾ ਪਾਣੀ ਡੋਲਣਾ ਹੈ ਕਿਉਂਕਿ ਇਸ ਵਿੱਚ ਮਾੜੇ ਰਸਾਇਣ ਬਾਹਰ ਆ ਗਏ।

ਹੁਣ ਪ੍ਰੈਸ਼ਰ ਕੁਕਰ ਵਿੱਚ ਤਾਜਾ ਪਾਣੀ ਪਾ ਕੇ ਉਬਾਲੋ। ਤਿੰਨ ਮਿੰਟ ਪੂਰੀ ਹੀਟ ਤੇ ਉਬਾਲੋ। ਬਹੁਤ ਝਗ ਬਣੇਗੀ। ਇਹ ਵੀ ਮਾੜੇ ਰਸਾਇਣ ਹਨ। ਇਹ ਝਗ ਤੇ ਪਾਣੀ ਵੀ ਬਾਹਰ ਕਢ ਦਿਓ।

ਫਿਰ ਤਾਜਾ ਪਾਣੀ ਲਵੋ, ਉਬਾਲੋ ਤੇ ਛੋਲੇ ਪਾ ਕੇ ਪਰੈਸ਼ਰ ਕੁਕਰ ਦੀਆਂ ਘੱਟੋ ਘੱਟ ਦੋ ਸੀਟੀਆਂ ਮਰਵਾਉ। ਹੁਣ ਤੁਹਾਡੀ ਦਾਲ ਰਸਾਇਣ ਰਹਿਤ ਹੋ ਚੁੱਕੀ ਹੈ। ਬੇਫਿਕਰ ਹੋ ਕੇ ਖਾ ਸਕਦੇ ਹੋ ਸ਼ੁੱਧ ਦਾਲ।

ਦਾਲ ਮਿੱਠਾ ਸੋਢਾ, ਭਿਆਉਣ ਨਾਲ 50%, ਤਿੰਨ ਮਿੰਟ ਉਬਾਲਣ ਨਾਲ 40%, ਤੇ ਦੋ ਸੀਟੀਆਂ ਮਰਵਾਉਣ ਨਾਲ ਬਾਕੀ ਦਾ 10% ਜਹਿਰ ਬੇਅਸਰ ਹੁੰਦੇ ਹਨ।

ਛੋਲਿਆਂ ਨੂੰ ਰਾਤ ਭਰ ਭਿਉਂ ਕੇ ਤੇ ਦੋ ਦਿਨ ਪੁੰਗਾਰ ਕੇ ਵੀ ਸ਼ੁੱਧ ਕਰ ਕੇ ਖਾਧਾ ਜਾ ਸਕਦਾ ਹੈ। ਯਾਦ ਰਹੇ ਜਿਆਦਾ ਨਹੀਂ ਖਾਣਾ। ਬਲੋਟਿੰਗ, ਪੇਟ ਦਰਦ, ਗੈਸ ਹੋ ਸਕਦੀ ਹੈ।

ਕਾਲੇ ਛੋਲਿਆਂ ਦੀ ਦਾਲ, ਤਰੀ ਸੂਪ ਤੇ ਬਾਜਰੇ, ਜਵਾਰ, ਰਾਗੀ ਦੀ ਰੋਟੀ ਸੰਪੂਰਨ ਖੁਰਾਕ ਹੈ ਤੇ ਮੇਰੀ ਫੇਵਰਿਟ ਵੀ ਹੈ।

ਅਨੇਕਾਂ ਗੁਣਾਂ ਨਾਲ ਭਰਪੂਰ ਹੈ। ਕਾਲੇ ਛੋਲੇ ਨੂੰ ਭੁਣਾ ਕੇ ਵੀ ਖਾਇਆ ਜਾ ਸਕਦਾ ਹੈ। ਹੁਣ ਤਾਂ ਭੱਠੀਆਂ ਵੀ ਗਾਇਬ ਹੋ ਗਈਆਂ ਹਨ। ਕੋਈ ਭੱਠੀ ਵਾਲੀ ਤੇ ਗੀਤ ਯਾਦ ਹੋਵੇ ਜਰੂਰ ਕਮੈਂਟਸ ਕਰਨਾ। ਹਰ ਰੋਜ਼ ਖਾਉ ਭੁੱਜੇ ਛੋਲੇ, ਭਾਵੇਂ ਖਾਉ ਉਹਲੇ ਉਹਲੇ।




# ਬੋਹੜ ਦੀ ਜੜ੍ਹ ਵਿੱਚ ਬੋਹੜ ਨਹੀਂ ਉੱਗਦਾ

ਸੁਣਿਆ ਸੀ ਕਿ ਬੋਹੜ ਦੀ ਜੜ੍ਹ ਵਿੱਚ ਬੋਹੜ ਨਹੀਂ ਉੱਗਦਾ, ਪਰ ਸਮੇਂ ਨਾਲ ਕੁੱਝ ਕਹਾਵਤਾਂ ਵੀ ਅਰਥਹੀਣ ਹੋ ਜਾਂਦੀਆਂ ਹਨ।

ਗਾਇਕ ਆਲਮ ਲੁਹਾਰ ਦਾ ਨਾਮ ਪੂਰਾ ਪੰਜਾਬੀ ਆਲਮ ਜਾਣਦੈ ਤੇ ਅੱਜ ਦੀ ਪੀੜ੍ਹੀ ਆਲਮ ਲੁਹਾਰ ਦੇ ਬੇਟੇ ਆਰਿਫ ਲੁਹਾਰ ਨੂੰ ਵੀ ਚੰਗੀ ਤਰ੍ਹਾਂ ਜਾਣਦੀ ਹੈ। ਆਰਿਫ ਦਾ ਜਨਮ 1966 ਵਿੱਚ ਪਾਕਿਸਤਾਨੀ ਪੰਜਾਬ ਦੇ ਜਿਲ੍ਹਾ ਗੁਜਰਾਤ ਦੇ ਪਿੰਡ ਲਾਲ ਕੱਛ ਵਿੱਚ ਹੋਇਆ। ਸੱਤ ਸਾਲਾਂ ਦੀ ਉਮਰ ਵਿੱਚ ਹੀ ਆਰਿਫ ਨੇ





ਆਪਣੇ ਵੱਡੇ ਭਰਾ ਅਰਸ਼ਦ ਮੁਹੰਮਦ ਲੁਹਾਰ ਅਤੇ ਛੋਟੇ ਤਾਰਿਕ ਲੁਹਾਰ ਨਾਲ ਰਲ ਕੇ ਆਪਣੇ ਪਿਤਾ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਸੀ। ਸ਼ੁਰੂ ਵਿੱਚ ਪੰਜਾਬੀ ਫਿਲਮਾਂ ਵਿੱਚ ਵੀ ਕੰਮ ਕੀਤਾ ਦੁਨੀਆਂ ਭਰ ਵਿੱਚ ਲੱਗਭਗ ਪੰਜਾਹ ਵਾਰੀ ਵੱਖ ਵੱਖ ਮੁਲਕਾਂ 'ਚ ਆਪਣੀ ਕਲਾ ਦੇ ਜੌਹਰ ਦਿਖਾਏ। 2004 ਵਿੱਚ ਚੀਨ ਵਿੱਚ ਏਸ਼ੀਆਈ ਖੇਡਾਂ ਵੇਲੇ ਬਹੁਤ ਵੱਡੇ ਇਕੱਠ ਵਿੱਚ ਆਪਣੀ ਕਲਾ ਦਾ ਲੋਹਾ ਮਨਵਾਇਆ। 2006 ਵਿੱਚ ਪਾਕਿਸਤਾਨ ਸਰਕਾਰ ਨੇ ਆਰਿਫ ਲੁਹਾਰ ਨੂੰ ਪ੍ਰਾਈਡ ਆਫ ਪ੍ਰਫਾਰਮੈਂਸ ਦੇ ਪੁਰਸਕਾਰ ਨਾਲ ਨਿਵਾਜਿਆ। 2006 ਵਿੱਚ ਸੰਗੀਤਕਾਰ ਮੁਖਤਾਰ ਸਹੋਤਾ ਦੇ ਸੰਗੀਤ ਵਿੱਚ ਆਰਫ ਦੀ ਐਲਬਮ ਜੁਗਨੀ ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ ਵਿੱਚ ਰਿਕਾਰਡ ਹੋਈ ਜਿਸਨੂੰ ਦੁਨੀਆਂ ਭਰ ਵਿੱਚ ਪਿਆਰ ਮਿਲਿਆ। 2010 ਵਿੱਚ ਆਰਿਫ ਨੂੰ ਕੋਕ ਸਟੂਡੀਓ ਵਿੱਚ ਗਾਉਣ ਦਾ ਮੌਕਾ ਮਿਲਿਆ ਜਿਸਨੇ ਆਰਿਫ ਦੀ ਪ੍ਰਸਿੱਧੀ ਨੂੰ ਚੌਗੁਣਾ ਕਰ ਦਿੱਤਾ। ਆਰਿਫ ਦੇ ਬਾਕੀ ਸੱਤੇ ਭਰਾ ਇੰਗਲੈਂਡ ਰਹਿੰਦੇ ਹਨ। ਇਕੱਲਾ ਆਰਿਫ ਹੀ ਆਪਣੇ ਪ੍ਰੀਵਾਰ ਸਮੇਤ ਆਪਣੇ ਵਤਨ ਪਾਕਿਸਤਾਨ ਵਸਦਾ ਐ।

------------------

## ਲਾਲੀ ਦੋਰਾਹੇ ਆਲਾ

"ਮੇਰਾ ਸਿੰਗਲ ਟਰੈਕ"
"ਮੇਰੀ ਨਵੀਂ ਵੀਡੀਓ–"
ਪਲੀਜ਼ ਸ਼ੇਅਰ ਐਂਡ ਲਾਈਕ ਅੱਜ ਸ਼ੋਸ਼ਲ ਮੀਡੀਏ ਦੀ ਬੱਸ ਏਨੀ ਕੁ ਭਾਸ਼ਾ ਐ।

ਮੇਰਾ ਧਰਮ ਤੇ ਸਿਆਸਤ ਨਾਲ ਕੋਈ ਦੂਰ ਨੇੜੇ ਦਾ ਵਾਸਤਾ ਨਹੀਂ।



ਸਾਹਿਤ ਤੇ ਸੰਗੀਤ ਹੀ ਮੇਰਾ ਜਨੂੰਨ ਹੈ। ਛੇ ਸੱਤ ਵਰ੍ਹੇ ਪਹਿਲਾਂ ਪੰਜਾਬੀ ਭਵਨ ਲੁਧਿਆਣਾ ਵਿਖੇ ਇੱਕ ਨੌਜਵਾਨ ਮਿਲਿਆ ਸੀ, ਜਿਸਦਾ ਇੱਕ ਦੋਗਾਣਾ ਨਛੱਤਰ ਗਿੱਲ ਤੇ ਜਸਪਿੰਦਰ ਨਰੂਲਾ ਦੀ ਆਵਾਜ਼ ਵਿੱਚ ਕਾਫੀ ਚੱਲਿਆ ਸੀ। ਉਸ ਤੋਂ ਬਾਅਦ ਉਹ ਮੈਨੂੰ ਫੋਨ ਵੀ ਕਰਦਾ ਰਿਹਾ ਤੇ ਆਪਣੇ ਗਾਏ ਕੁੱਝ ਧਾਰਮਿਕ ਗੀਤ ਵੀ ਭੇਜਦਾ ਰਿਹਾ, ਪਰ ਮੈਂ ਗੱਲ ਆਵਾਗੌਣ ਚ ਈ ਗੁਆ ਦੇਂਦਾ। ਪਿਛਲੇ ਦਿਨੀਂ ਲਾਹੌਰ ਦੇ ਕਿਸੇ ਪ੍ਰੋਗਰਾਮ ਤੇ ਕੋਈ ਪਾਕਿਸਤਾਨ ਵਿਅਕਤੀ ਗੀਤ ਗਾ ਰਿਹਾ ਸੀ ਗੀਤ ਦੇ ਬੋਲ ਤੇ ਧੁਨ ਕਮਾਲ ਸੀ। ਮੈਨੂੰ ਉਹ ਗੀਤ ਦੇ ਬੋਲਾਂ ਨੇ ਹਲੂਣਿਆ ਆਖਰੀ ਅੰਤਰੇ 'ਚ ਪਾਕਿਸਤਾਨੀ ਵਿਅਕਤੀ ਨੇ ਦੋਰਾਹੇ ਵਾਲੇ ਲਾਲੀ ਦਾ ਨਾਮ ਲਿਆ ਤਾਂ ਮੈਂ ਹੈਰਾਨ ਹੋ ਗਿਆ। ਮੈਂ ਲਾਲੀ ਨੂੰ ਖੁਦ ਫੋਨ ਕੀਤਾ ਕਿ ਇਹ ਗੀਤ ਤੇਰਾ ਹੈ, ਅੱਗੋਂ ਲਾਲੀ ਕਹਿੰਦਾ "ਭਾਅ ਜੀ ਇਹ ਮੇਰਾ ਕਈ ਵਰ੍ਹੇ ਪਹਿਲਾਂ ਗਾਇਆ ਹੋਇਆ ਗੀਤ ਐ। ਉਹ ਗੀਤ ਮੈਂ ਹੁਣੇ ਤੁਹਾਨੂੰ ਭੇਜਦਾਂ" ਮੈਂ ਉਹੀ ਗੀਤ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।

ਅੰਬਰ ਚੋਂ ਕਿਵੇਂ ਡਿੱਗਦਾ ਪਾਣੀ,
ਮੀਂਹ ਦਾ ਰੂਪ ਬਣਾ ਕੇ।
ਕਿਵੇਂ ਦੇਂਦੀਆਂ ਦੁੱਧ ਨੇ ਮੱਝਾਂ,
ਸੁੱਕੀ ਤੂੜੀ ਖਾ ਕੇ।
ਪੰਛੀਆਂ ਕੋਲੇ ਉੱਡਣ ਲਈ,
ਆ ਜਾਂਦੇ ਕਿੱਥੋਂ ਖੰਭ ਨੇ।
ਸਭ ਮਾਲਕ ਦੇ ਰੰਗ ਨੇ ਸੱਜਣਾ,
ਸਭ ਮਾਲਕ ਦੇ ਰੰਗ ਨੇ ——
ਜੰਗਲਾਂ ਵਿੱਚ ਫੁੱਲ ਖਿੜੇ ਕਰੋੜਾਂ,
ਬਿਨਾਂ ਗਮ੍ਹਲਿਆਂ ਤੋਂ ਹੀ।
ਐਡਾ ਅੰਬਰ ਕਿਵੇਂ ਖਲੋਤੈ,
ਬਿਨਾਂ ਥਮਲ੍ਹਿਆਂ ਤੋਂ ਹੀ।
ਸਾਇੰਸਦਾਨ ਸਾਰੇ ਜੱਗ ਦੇ,
ਗਏ ਸੋਚ ਸੋਚ ਕੇ ਹੰਭ ਨੇ।
ਸਭ ਮਾਲਕ ਦੇ ਰੰਗ ਨੇ ———
ਕਿਵੇਂ ਜੜ੍ਹਾਂ ਚੋਂ ਤਣਾ ਨਿਕਲਦਾ,
ਕਿਵੇਂ ਤਣੇ ਚੋਂ ਟਾਹਣੀ।
ਬਿਨਾਂ ਰਸਤਿਓਂ ਕਿੰਝ ਵੜ ਜਾਂਦੈ,
ਖੋਪੇ ਦੇ ਵਿੱਚ ਪਾਣੀ।
ਬੱਲੀਆਂ ਵਿੱਚ ਦੱਸ ਕਣਕ ਦੇ ਦਾਣੇ,
ਕਿੰਝ ਹੋ ਜਾਂਦੇ ਬੰਦ ਨੇ।
ਸਭ ਮਾਲਕ ਦੇ ਰੰਗ ਨੇ————
ਤਿੰਨਾਂ ਦੇ ਵਿੱਚ ਫ਼ਰਕ ਬੜਾ ਏ,
ਸਾਰੀ ਦੁਨੀਆਂ ਮੰਨੇਂ।
ਇੱਕੋ ਮਿੱਟੀ ਵਿੱਚੋਂ ਉੱਗਦੇ,
ਅੱਕ, ਇੰਮਲੀ ਤੇ ਗੰਨੇ।
ਅੱਕ ਕੌੜਾ, ਇਮਲੀ ਖੱਟੀ,
ਗੰਨੇ ਕਿਉਂ ਮਿੱਠੇ ਖੰਡ ਨੇ।
ਸਭ ਮਾਲਕ ਦੇ ਰੰਗ ਨੇ————
ਥੱਕਗੀ ਸਾਇੰਸ 'ਦੋਰਾਹੇ ਵਾਲੇ ਲਾਲ੍ਹੀ' ਖੋਜਾਂ ਕਰਕੇ।
ਕਿੱਥੋਂ ਆਉਂਦੇ ਬੰਦਾ ਜੰਮਕੇ,
ਕਿੱਥੇ ਜਾਂਦੈ ਮਰਕੇ।
ਭੇਦ ਇਹ ਸਾਰੇ ਦੇ ਸਾਰੇ,
ਉਸਦੀ ਮੁੱਠੀ ਵਿੱਚ ਬੰਦ ਨੇ।
ਸਭ ਮਾਲਕ ਦੇ ਰੰਗ ਨੇ————

ਮੈਂ ਤੇ ਸੋਚਣ ਲਈ ਮਜ਼ਬੂਰ ਹੋ ਗਿਆ ਕਿ ਪੰਜਾਬੀ ਗੀਤਾਂ ਦਾ ਵਿਸ਼ਾ ਏਡਾ ਵੱਡਾ ਵੀ ਹੋ ਸਕਦੈ !




# ਕੰਨ ਕੰਧਾਂ ਦੇ ਨੇ ਕੀ ਕਰਾਂ, ਸੈਨਤਾਂ ਨੇ ਜਾਣਕਾਰਾਂ ਵਾਸਤੇ
# ਇੱਕ ਗੱਲ ਹੁੰਦੀ ਕਿਸੇ ਇੱਕੋ ਲਈ, ਇੱਕ ਗੱਲ ਹੁੰਦੀ ਹਜ਼ਾਰਾਂ ਵਾਸਤੇ

ਸਾਹਿਤ ਸਭਾਵਾਂ ਬਿਗਾਨੀ ਧਰਤੀ ਤੇ ਅਪਣੱਤ ਪਾਲਦੀਆਂ ਹਨ। ਲੇਖਕ ਵਗਦੀਆਂ ਹਵਾਵਾਂ ਮੂਹਰੇ ਤਲੀਆਂ ਤੇ ਹਰਫ਼ਾਂ ਦੇ ਦੀਵੇ ਬਾਲ ਰੱਖਦੇ ਹਨ। ਇਨ੍ਹਾਂ ਅੱਖਰਾਂ ਦੀ ਲੋਏ ਹੀ ਆਸ ਦੀ ਡੰਡੀ ਇੱਕ ਪਿੰਡ ਜਾ ਵਸਾਉਂਦੇ ਹਨ। ਕਿਸੇ ਨੇ ਲਿਖਿਆ ਹੈ ਕਿ ਲੇਖਕਾਂ ਨਾਲ ਦੋਸਤੀ ਰੱਖੋ, ਇਹ ਉਹ ਲੋਕ ਹਨ ਜੋ ਆਪਣੇ ਲਫ਼ਜ਼ਾਂ ਨਾਲ ਤੁਹਾਡੇ ਜ਼ਖ਼ਮਾਂ ਤੇ ਫਹੇ ਰੱਖਦੇ ਹਨ। ਏਥੇ ਹੀ ਅੰਦਰ ਬੁਝੇ ਅੱਖਰਾਂ ਨੂੰ ਬਾਲ਼ ਲੈਣ ਦੀ ਜਾਚ ਆਉਂਦੀ ਹੈ। ਇਸ ਨਗਰ ਦੀ ਦੱਸ ਮੈਨੂੰ ਪਰਮਿੰਦਰ ਗਰੇਵਾਲ ਨੇ ਪਾਈ ਸੀ।

ਮੈਨੂੰ ਲੱਗਿਆ ਸ਼ਬਦ, ਅਰਥ, ਸੁਪਨੇ, ਰੀਝਾਂ, ਯਾਦਾਂ, ਹਾਦਸਿਆਂ ਅਤੇ ਹਾਸਿਆਂ ਦੀ ਉਮਰ ਲੰਘਾ ਕੇ ਆਠਰੇ ਹੋਏ ਅਹਿਸਾਸਾਂ ਵਾਲੇ ਲੋਕਾਂ ਵਿੱਚ ਬਹਿ ਕੇ ਇੱਥੋਂ ਦੀ ਜੀਵਨ-ਜਾਚ ਸਿੱਖਣ ਨੂੰ ਥਾਂ ਮਿਲੇਗੀ। ਜ਼ਿੰਦਗੀ ਦਾ ਪਾਸਾ ਥੱਲਣ ਨੂੰ ਮਿਲੀ ਇਸ ਠਾਹਰ ਨੇ ਮੈਨੂੰ ਭਰਮਾ ਲਿਆ ਸੀ। ਇਸ ਥਾਂ ਤੇ ਅੰਦਰਲਾ ਥਕੇਵਾਂ ਲਾਹ ਕੇ ਪਲਦਾ ਸੱਖਣ ਪੂਰ ਲੈਣ ਦੀ ਤਸੱਲੀ ਸੀ। ਇਨ੍ਹਾਂ ਸਭਾਵਾਂ ਵੱਲ ਜਾਂਦੇ ਕਦਮ ਜਿਵੇਂ ਪਵਿੱਤਰ ਦਰਗਾਹ ਦੀਆਂ ਪੌੜੀਆਂ ਚੜ੍ਹਦੇ ਹੋਣ, ਜਿੱਥੇ ਪਲਕਾਂ ਤੇ ਲਟਕਦੇ ਹੰਝੂਆਂ ਦਾ ਤਰਜਮਾ ਹੋ ਸਕਦਾ ਹੋਵੇ। ਅੱਖਰਾਂ ਤੋਂ ਅਰਥਾਂ ਵੱਲ ਨੂੰ ਸਰਕਦੇ ਲੋਕਾਂ ਦੇ ਸੁਪਨੇ ਪਰਖਣ ਦੀ ਮਸ ਪੂਰਦੇ ਲੋਕ ਮਿਲਣਗੇ। ਮੈਨੂੰ ਹਰਿਭਜਨ ਸਿੰਘ ਦੀਆਂ ਸਤਰਾਂ ਯਾਦ ਆਈਆਂ—

ਹੈ ਸ਼ੁਕਰ ਅਜੇ ਤਾਂ ਸੂਰਜ
ਹੈ ਪਰਛਾਈਂ ਹੈ
ਮੈਂ ਧੁੱਪ ਛਾਵਾਂ ਨੂੰ ਹੀ
ਆਪਣਾ ਗੀਤ ਸੁਣਾਲਾਂਗਾ।

ਮੇਰੇ ਵਾਂਗ ਹੋਰ ਵੀ ਲੋਕ ਇਸ ਪਿੰਡ ਵੱਲ ਵਹੀਰਾਂ ਘਤਦੇ ਹੋਣਗੇ। ਫਿਰ ਮੈਨੂੰ ਬੋਧ ਹੋਇਆ ਇਨ੍ਹਾਂ ਢਾਈ ਟੋਟਰੂਆਂ ਨੇ ਪੰਜ ਕੰਧਾਂ ਕੱਢੀਆਂ ਹੋਈਆਂ ਹਨ- ਕਈ ਸਾਹਿਤ ਸਭਾਵਾਂ ਹਨ। ਜਿਸ ਦੇ ਵੀ ਹਲਦੀ ਦੀ ਗੱਠੀ ਹੱਥ ਲੱਗੀ ਉਹੀ ਪੰਸਾਰੀ ਬਣ ਬੈਠਾ। ਇਨਸਾਨੀਅਤ ਦੇ ਹੋਕੇ ਨੂੰ ਕਲਾਵੇ ਭਰਦੇ ਮੋਕਲੇ ਅੱਖਰਾਂ ਓਹਲੇ ਹਉਮੈ, ਅਹੁਦੇਦਾਰੀਆਂ, ਸੋਚ-ਵਿੱਥ ਤੇ ਕਈ ਹੋਰ ਕੰਧਾਂ ਨੇ ਵੰਡੀਆਂ ਪਾ ਧਰੀਆਂ ਹਨ। ਸਮੇਤ ਮੇਰੇ, ਸਭ ਨੂੰ ਆਪੋ ਆਪਣੀ ਪੋਟਲੀ ਹੋਰਨਾ ਤੋਂ ਭਾਰੀ, ਨਿੱਗਰ, ਉਸਾਰੂ ਅਤੇ ਪੁਰ-ਅਸਰ ਲੱਗ ਰਹੀ ਸੀ। ਕਾਬਜ਼ ਬਿਰਤੀ ਦੀ ਇਸ ਸੱਪ-ਕੁੰਡਲੀ ਨੇ ਗੁਰਦਵਾਰੇ ਦੇ ਭਾਈ ਜੀ ਤੇ ਸੰਗਤ ਵਾਂਗ ਲੇਖਕ ਅਤੇ ਪਾਠਕ ਵਿਚਲੀ ਵਿੱਥ ਸਿਰਜ ਧਰੀ। ਮੈਂ ਪਹੁਤ ਪਰੇਸ਼ਾਨ ਹੋ ਕੇ ਇਹ ਰੀਝ ਪਾਲਣ ਲੱਗੀ ਕਿ ਸਭ ਕੰਧਾਂ ਢਾਹ ਕੇ ਵਿਹੜਾ ਮੋਕਲਾ ਕੀਤਾ ਜਾਵੇ। ਸਭ ਇਕੱਠੇ ਹੋ ਕੇ ਆਪੋ ਆਪਣੇ ਖਿਆਲ ਪਰੋਸਣ, ਸਿਰਜਣ ਅਤੇ ਪਰਸਾਰਨ ਦਾ ਹੱਕ ਰੱਖਦੇ ਹੋਣ। ਆਪਣੀ ਇਹ ਰੀਝ ਪੂਰਨ ਲਈ ਮੈਂ ਕਈ ਮਹਾਂਰਥੀਆਂ ਕੋਲ ਗੱਲ ਤੋਰੀ ਪਰ ਤਕਰੀਬਨ ਸਾਰਿਆਂ ਨੇ ਮੇਰੇ ਇਸ ਸੁਝਾਅ ਨੂੰ 'ਹੋਊ ਪਰੇ, ਵੇਖੀ ਜਾਊ' ਕਰ ਛੱਡਿਆ। ਮੈਨੂੰ ਅੰਦਰੋ-ਅੰਦਰੀ ਲੂਹਰੀਆਂ ਉਠਣ ਕਿ ਪੰਜਾਬੋਂ ਖੱਟਿਆ ਆਪਣਾ ਅਸਰ ਰਸੂਖ ਵਰਤ ਕੇ ਕੋਈ ਵੱਡਾ ਸਮਾਗਮ ਰੱਖਾਂ ਜਿੱਥੇ ਸਭ ਇੱਕ ਹੋ ਜਾਣ। ਪਰ ਮੇਰੀ ਇੱਕ ਨਾ ਚੱਲੀ। ਗੱਲ ਗੰਧਲ-ਚੌਦੇਂ 'ਚ ਪੈ ਕੇ ਆਈ ਗਈ ਹੋ ਗਈ। ਮੈਨੂੰ ਲੱਗਿਆ ਪਾਠਕ ਤਾਂ ਲੇਖਕ ਤੋਂ ਜੀਵਨ ਦੀ ਸੇਧ ਭਾਲਦੇ ਹਨ ਤੇ ਏਥੇ ਪੂਰੀ ਕਾਇਨਾਤ ਨੂੰ ਕਲਾਵੇ ਭਰਦੇ ਲੇਖਕ ਆਪਣੀ ਹੀ ਅੰਦਰਲੀ ਕੈਦ ਵਿੱਚ ਸੁੰਗੜੇ ਲੱਗਦੇ ਹਨ। ਇਉਂ ਤਾਂ ਲੇਖਕ ਦਾ ਸਦਾਚਾਰੀ ਵਾਲਾ ਸਬਕ ਪਾਠਕਾਂ ਤੱਕ ਸਦਾ ਚੋਰੀ ਦੇ ਅਰਥ ਲੈ ਅਪੜਦਾ ਹੈ। ਹੁਣ ਮੈਨੂੰ ਲੱਗਦਾ ਹੈ ਅੱਖਰ ਸੁਣਦੇ ਲੋਕਾਂ ਦੀਆਂ ਨਜ਼ਰਾਂ ਲਿਖਣ ਵਾਲੇ ਦੇ ਨਕਸ਼ ਅਤੇ ਮੂੰਹ ਦੇ ਉਤਰਾਅ ਚੜ੍ਹਾਅ ਤੋਂ ਉਸ ਦੇ ਕਿਰਦਾਰ ਦੇਖਦੇ ਅਰਥਾਂ ਤੋਂ ਊਣੇ ਹੀ ਰਹਿ ਜਾਂਦੇ ਹੋਣਗੇ।

ਗੱਲ ਕਿੱਥੇ ਨਿਬੜੀ, ਇਹ ਇੱਕ ਨਿੱਜੀ ਵੇਰਵੇ ਨਾਲ ਕਥਨ ਦੀ ਪੁਸ਼ਟੀ ਤੱਕ ਅਪੜਾਂਗੇ। ਮੇਰੇ ਚਾਚਾ ਸਹੁਰਾ ਸਾਹਿਬ ਮਾਵਾ ਛਕ ਕੇ ਬਹੁਤ ਗੱਲਾਂ ਕਰਿਆ ਕਰਦੇ ਸਨ। ਕੋਈ ਸੁਣੇ ਜਾਂ ਨਾ, ਉਹ ਬਸ ਆਪਣੀ ਗੱਲ ਜਾਰੀ ਰੱਖਦੇ। ਇੱਕ ਦਿਨ ਟਿਕੀ ਦੁਪਹਿਰ ਉਹ ਇੱਕ ਮਰਗ ਦੇ ਭੋਗ ਤੋਂ ਆ ਕੇ ਹੋਈ ਬੀਤੀ ਦੱਸ ਰਹੇ ਸਨ, 'ਮੈਂ ਜਿੱਥੇ ਨੀਵੇਂ ਜੇ ਢਾਰੇ ਵਿੱਚ ਗਿਆ, ਉਥੇ ਨੀਵੀਂ ਜਿਹੀ ਛੱਤ ਤੇ ਬੱਠਲ ਜਿਹਾ ਬੰਨ੍ਹ ਰੱਖਿਆ ਸੀ। ਜਿਹੜਾ ਵੀ ਅੰਦਰ ਵੜੇ ਮੈਂ ਆਖਾਂ ਆਹ ਦੇਖੀਂ ਕਿਤੇ ਸਿਰ ਨਾ ਭਨਾ ਲੀਂ। ਮੈਂ ਪੂਰਾ ਪਹਿਰਾ ਦੇ ਕੇ ਹਰੇਕ ਅੰਦਰ ਵੜਨ ਵਾਲੇ ਨੂੰ ਤਾਕੀਦ ਕਰਾਂ ਬਈ ਕਿਤੇ ਸੱਟ ਨਾ ਵੱਜੇ।' ਏਥੇ ਤੱਕ ਤਾਂ ਗੱਲ ਠੀਕ ਸੀ, ਮੈਂ ਚੁਪ ਕਰ ਕੇ ਸੁਣੀ ਗਈ। ਪਰ ਜਦੋਂ ਕਹਾਣੀ ਵਿੱਚ ਕੂਹਣੀ-ਮੋੜ ਆਇਆ, ਮੈਂ ਠਹਾਕਾ ਮਾਰ ਕੇ ਹੱਸ ਪਈ। ਉਨ੍ਹਾਂ ਨੇ ਤੋੜਾ ਝਾੜਿਆ, 'ਜਦ ਮੈਂ ਉਠਿਆ, ਉਹੀ ਬੱਠਲ ਫਾੜ ਦੇਣੇ ਮੇਰੇ ਸਿਰ ਚ ਵੱਜਿਆ, ਅੱਖਾਂ ਮੂਹਰੇ ਭੰਬੂਤਾਰੇ ਆ ਗੇ।'

ਬਿਲਕੁਲ ਇਸੇ ਤਰ੍ਹਾਂ ਮੈਂ ਜੋ ਕੈਲਗਰੀ ਦੀਆਂ ਸਾਰੀਆਂ ਸਾਹਿਤ ਸਭਾਵਾਂ ਦਾ ਏਕਾ ਕਰਨ ਦਾ ਬੰਨ੍ਹ-ਸੁਭ ਕਰਦੀ ਫਿਰਦੀ ਸੀ, ਮੇਰੇ ਨਾਲ ਵਾਪਰਿਆ। ਏਕੇ ਦਾ ਬੱਠਲ ਮੇਰੇ ਸਿਰ ਇਉਂ ਵੱਜਿਆ ਕਿ ਮੈਂ ਇੱਕ ਮੈਂ ਇੱਕ ਹੋਰ ਆਪਣੀ ਹੀ ਵੱਖਰੀ ਸਾਹਿਤਕ ਸੰਸਥਾ ਦਾ ਉਦਘਾਟਨ ਜਾ ਕੀਤਾ।



## ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੇਰਾ ਗੁਰੂ ਘਰ-2

ਜਿੱਦਣ ਸ਼੍ਰੀ ਅਖੰਡ ਪਾਠ ਦਾ ਭੋਗ ਪੈਣਾ, ਓਦਣ ਸਵੇਰੇ ਚਾਰ ਕੁ ਵਜੇ ਸੇਖ ਫਰੀਦ ਜੀ ਦੀ ਬਾਣੀ ਸ਼ੁਰੂ ਹੋਣੀ। ਸ਼ਲੋਕ ਸੇਖ ਫਰੀਦ ਕੇ। ਇਨਾਂ ਸ਼ਲੋਕਾਂ ਨੇ ਮੈਨੂੰ ਬਚਪਨ ਵਿਚ ਹੀ ਵੈਰਾਗੀ ਬਣਾ ਦਿੱਤਾ। ਮੈਂ ਛੇਤੀ ਛੇਤੀ ਰੋ ਪੈਂਦਾ। ਫਰੀਦਾ ਕੇਲ ਕਰੇਂਦੇ ਹੰਝ ਨੋ, ਅਚਿੰਤੇ ਬਾਜ ਪਏ, ਇਨਾਂ ਸ਼ਲੋਕਾਂ ਦੇ ਅਰਥਾਂ ਦਾ ਉੱਕਾ ਹੀ ਪਤਾ ਨਹੀ ਸੀ ਪਰ ਸ਼ਬਦ ਖਿੱਚ ਖਲੋਂਦੇ ਸਨ ਆਪਣੀ ਸ਼ਕਤੀ ਦੁਆਰਾ। ਫਰੀਦਾ ਮੈਂ ਜਾਨਿਆਂ ਦੁਖ ਮੁਝ ਕੋ ਦੁਖ ਸਭਾਇਆ ਜਗ, ਲਗਣ ਲਗਦਾ ਕਿ ਦੁਖੀ ਫਰੀਦ ਨੂੰ ਲਭ ਲਵਾਂ ਤਾ ਜੱਫੀ ਪਾ ਲਵਾਂ।

ਮੇਰਾ ਦਿਨ ਸਕੂਲ, ਰਾਤ ਘਰ ਤੇ ਬਚਦਾ ਸਮਾਂ ਗੁਰੂ ਦੁਆਰੇ। ਇਹੋ ਮੇਰਾ ਟਿਕਾਣਾ। ਕਿੰਨੇ ਕਿੰਨੇ ਘੰਟੇ ਗੁਰੂ ਦੀ ਤਾਬਿਆ ਵਿਚ ਬਹਿ ਬਹਿ ਪਾਠ ਸੁਣਨਾ ਤੇ ਕੰਠ ਹੋਈ ਜਾਣਾ (ਉਸ ਸਮੇਂ ਦੀ ਪੜੀ ਸੁਣੀ ਬਾਣੀ ਅਜ ਵੀ ਕੰਠ ਹੈ)। ਨਿੱਕੀ ਜਿਹੀ ਜੂੜੀ ਬਣਗੀ ਸਿਰ ਉਤੇ। ਮਾਂ ਵਲ ਵਾਹ ਰਹੀ ਸੀ ਤੇ ਬੋਲੀ, "ਲੈ ਵੇ, ਰਬੜ ਚਾੜ ਦੇਵਾਂ।" ਉਹਨੇ ਸਰੋਂ ਦੇ ਤੇਲ 'ਚ ਗੜੁੱਚ ਵਾਲਾਂ ਨੂੰ ਇਕੱਠਿਆਂ ਕਰਕੇ ਰਬੜ ਚਾੜੀ ਤਾਂ ਸਿਰ ਨੂੰ ਸੁਆਦ ਬੜਾ ਆਇਆ। ਫਿਰ ਉਹ ਮੇਰੀ ਜੂੜੀ ਕਰਨ ਲੱਗ ਪਈ ਤੇ ਰਬੜ ਪੂਰੀ ਨਾ ਆਉਣ ਕਾਰਨ ਕਾਲਾ ਧਾਗਾ ਬੰਨ ਦੇਂਦੀ। ਦਾਹੜੀ ਨਹੀਂ ਸੀ ਫੁੱਟੀ ਹਾਲੇ। ਹੁਣ ਮੈਨੂੰ ਰਹਿਰਾਸ ਦੇ ਪਾਠ ਉਤੇ ਬਿਠਾਉਣ ਲੱਗ ਪਏ ਸਨ ਬਾਬਾ ਮਾਹਲਾ ਸਿੰਘ।



ਇਹ ਤਸਵੀਰ ਬਾਬਾ ਪ੍ਰੀਤਮ ਸਿੰਘ ਕੰਚਨ ਨਾਲ ਮੇਰੀ ਮਾਸੀ ਦੇ ਮੁੰਡੇ ਦਿਆਲ ਦੇ ਵਿਆਹ ਵੇਲੇ ਰਖਵਾਏ ਪਾਠ ਸਮੇਂ ਦੀ ਹੈ।

ਕੁਛ ਹੀ ਦਿਨਾਂ ਵਿਚ ਸਾਰੀ ਰਹਿਰਾਸ ਰੱਟੀ ਗਈ, ਪੂਰੀ ਕੰਠ ਹੋ ਗਈ।

ਜਦ ਸਕੂਲੋਂ ਛੁਟੀਆਂ ਹੋਣੀਆਂ ਤਾਂ ਆਪਣੇ ਨਾਨਕੇ ਪਿੰਡ ਸ਼ਰੀਂਹ ਵਾਲੇ ਭੱਜ ਜਾਣਾ, ਨਾਨਕੇ ਘਰ ਘੱਟ ਤੇ ਗੁਰੂ ਘਰ ਜਿਆਦਾ ਰਹਿਣਾ। ਨਾਨੇ ਨਾਨੀ ਨੇ ਪਿਆਰ ਨਾਲ ਲੜਨਾ ਕਿ ਗੁਰਦਵਾਰੇ ਆਇਆ ਏਂ ਕਿ ਨਾਨਕੇ ਆਇਆ ਏਂ? ਨਾਨਕੇ ਪਿੰਡ ਵੀ ਮੈਂ ਰਹਿਰਾਸ ਸਾਹਿਬ ਦਾ ਪਾਠ ਕਰਦਾ ਸਪੀਕਰ ਵਿਚਦੀ, ਹਾਲੇ ਆਵਾਜ ਪਤਲੀ ਹੀ ਸੀ, ਘੰਡੀ ਨਹੀਂ ਸੀ ਫੁੱਟੀ ਅਜੇ। ਸਵੇਰੇ ਮਾਮਿਆਂ ਦੇ ਗਲੀ ਗੁਆਂਢ ਵਿਚ ਮਾਮੇ ਮਾਮੀਆਂ ਲਗਦੇ ਲੋਕੀਂ ਪਿਆਰ ਦੇਂਦੇ ਤੇ ਜੱਫੀ ਵਿਚ ਲੈਕੇ ਮਾਮੀਆਂ ਆਖਦੀਆਂ ਕਿ ਏਨੀ ਸੁਹਣੀ ਵਾਜ ਭਾਣਜਿਆ ਤੇਰੀ? ਵਾਹਿਗੁਰੂ ਤੈਨੂੰ ਤਾਕਤਾਂ ਬਖਸ਼ੇ। ਬਾਬਾ ਮਿਲਖਾ ਸਿੰਘ ਮਸਕੀਨ ਅੱਖਾਂ ਤੋਂ ਮੁਨਾਖੇ ਸਨ। ਸ਼ੁਧ ਪਾਠ ਦੇ ਕਰੇਤਾ। ਆਵਾਜ ਸੁਰੀਲੀ, ਮਘੀ ਹੋਈ। ਹਰਮੋਨੀਅਮ ਵਜਾ ਕੇ ਧਾਰਮਿਕ ਗੀਤ ਗਾਉਂਦੇ ਤੇ ਭੈਣ ਉਨਾਂ ਦੀ ਨਾਲ ਢੋਲਕੀ ਜਾਂ ਢੱਡ ਵਜਾਉਂਦੀ। ਉਨਾਂ ਨੇ ਉਦੋਂ ਕੁ ਜਿਹੇ ਬਾਬੇ ਨਾਨਕ ਦਾ ਇਕ ਗੀਤ ਚੇਤੇ ਕਰਵਾਇਆ, ਜਦ ਬਾਬਾ ਜੀ ਸਜਣ ਤੇ ਭੂਮੀਏ ਠੱਗਾਂ ਨੂੰ ਤਾਰਨ ਜਾਂਦੇ ਨੇ ਤੇ ਨਾਲ ਮਰਦਾਨਾ ਵੀ ਹੈ। (ਇਹ ਗੀਤ ਅਜ ਵੀ ਮੈਂ ਕਦੀ ਕਦੀ ਤੂੰਬੀ ਨਾਲ ਗਾਉਂਦਾ ਹਾਂ ਉਦੋਂ ਦਾ ਰਟਿਆ ਹੋਇਆ)

ਜਦ ਕਦੇ ਪਾਠੀਆਂ ਤੋਂ ਪਤਾ ਲਗਣਾ ਕਿ ਹੁਣ ਫਲਾਣੇ ਗੁਰੂ ਸਾਹਬ ਦਾ ਜਨਮ ਦਿਨ ਜਾਂ ਸ਼ਹੀਦੀ ਦਿਨ ਹੈ, ਤਾਂ ਮੈਂ ਮਨੋ ਮਨੀਂ ਉਹਨੀ ਦਿਨੀ ਸਕੂਲੋਂ ਭੱਜਣ ਦੀਆਂ ਘਾੜਤਾਂ ਘੜਨ ਲੱਗ ਪੈਣਾ। ਮਾਸਟਰਾਂ ਤੋਂ ਡੰਡੇ ਤੇ ਝਿੜਕਾਂ ਖਾਣੀਆਂ ਮੈਨੂੰ ਕੁਛ ਨਹੀਂ ਸੀ ਕਹਿੰਦੀਆਂ। ਗੁਰੂਘਰੋਂ ਆਣ ਕੇ ਇਓਂ ਹੀ ਲਗਦਾ ਸੀ ਕਿ ਕਿਸੇ ਵਿਸ਼ੇਸ਼ ਵਿਸ਼ਵਦਿਆਲੇ ਚੋਂ ਆਇਆ ਹਾਂ। ਮੇਰੇ ਪਿਤਾ ਮੇਰੇ ਉਤਾ ਇਸ ਗੱਲੋਂ ਕਾਫੀ ਤੱਤੇ ਰਹਿੰਦੇ ਸਨ ਕਿ ਇਹ ਗੁਰਦਵਾਰੇ ਤੇ ਪਾਠਾਂ ਵਾਲੇ ਘਰਾਂ ਚੋਂ ਨਿਕਲਦਾ ਹੀ ਨਹੀਂ ਹੈ, ਪਹਿਲਾਂ ਹੀ ਕਮਜੋਰਾ ਜੰਮਿਆ ਹੈ ਤੇ ਖਾਂਦਾ ਪੀਂਦਾ ਵੀ ਕੁਛ ਨਹੀ ਹੈ। ਕੀ ਤਰੱਕੀ ਕਰਨੀ ਹੈ ਇਹਨੇ। ਇਸ ਕਾਰਨ ਮੇਰੇ ਕਈ ਵਾਰ ਮਾਰ ਵੀ ਪੈਂਦੀ ਸੀ। ਜਦ ਮਾਰ ਪੈਣੀ ਤਾਂ ਮੇਰੇ ਦਾਦੀ ਤੇ ਮਾਂ ਨੇ ਪਿਤਾ ਤੋਂ ਛੁਡਵਾ ਦੇਣਾ। ਮੈਂ ਹੁਬਕੀਂ ਹੁਬਕੀਂ ਰੋਣਾ ਕੱਚੇ ਕੋਠੇ ਅੰਦਰ ਵੜਕੇ!

# ਰਾਈਟਰਜ਼ ਫੋਰਮ ਕੈਲਗਰੀ ਦੇ ਲਿਖਾਰੀਆਂ ਨੇ ਕਿਸਾਨੀ ਅੰਦੋਲਨ ਅਤੇ ਹੋਰ ਸਮਾਜਿਕ ਮਸਲਿਆਂ ਬਾਰੇ ਜ਼ੂਮ ਮੀਟਿੰਗ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿੰਗ 6 ਨਵੰਬਰ ਨੂੰ ਸ਼ਮਸ਼ੇਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਜ਼ੂਮ ਰਾਹੀਂ ਹੋਈ। ਜਨਰਲ ਸਕੱਤਰ ਜਸਵੀਰ ਸਿਹੋਤਾ ਨੇ ਪਿਛਲੇ ਦਿਨੀਂ ਵਿੱਛੋੜਾ ਦੇ ਗਏ ਸਾਹਿਤਕਾਰਾਂ -- ਸੁਖਮਿੰਦਰ ਰਾਮਪੁਰੀ ਅਤੇ ਜਗਦੀਸ਼ ਸਿੰਘ ਘਈ ਬਾਰੇ ਸੰਖੇਪ ਜਾਣਕਾਰੀ ਦੇ ਕੇ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ। ਉਸ ਨੇ ਦੱਸਿਆ ਕਿ ਸੁਖਮਿੰਦਰ ਰਾਮਪੁਰੀ ਮੰਨੇ ਹੋਏ ਕਵੀ, ਗੀਤਕਾਰ, ਸੁਰੀਲੇ ਗਾਇਕ ਹੋਣ ਦੇ ਨਾਲ ਇੱਕ ਨਾਵਲ ਦੇ ਰਚੇਤਾ ਵੀ ਸਨ। ਉਹ ਰਾਮਪੁਰ ਸਾਹਿਤ ਸਭਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਨਮਾਨਯੋਗ ਅਹੁਦੇਦਾਰ ਸਨ। ਜਗਦੀਸ਼ ਸਿੰਘ ਘਈ ਸਾਹਿਤਕਾਰ, ਪ੍ਰਗਤੀਸ਼ੀਲ ਕਾਰਕੁਨ ਅਤੇ ਸਿੱਖਿਆ ਸ਼ਾਸ਼ਤਰੀ ਸਨ। ਇਸੇ ਦਿਨ ਵਿਛੜੇ ਇਨਕਲਾਬੀ ਲੋਕ-ਕਵੀ ਸੰਤ ਰਾਮ ਉਦਾਸੀ ਨੂੰ ਵੀ ਯਾਦ ਕੀਤਾ ਗਿਆ। ਸੇਵਾ ਸਿੰਘ ਨੇ ਬੜੀ ਸੁਰੀਲੀ ਆਵਾਜ਼ ਵਿਚ ਗੀਤ ਗਾਇਆ - ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ। ਗੁਰਚਰਨ ਕੌਰ ਥਿੰਦ ਨੇ ਅਫ਼ਗਾਨਸਤਾਨ ਦੇ ਹਵਾਲੇ ਨਾਲ ਦੁਨਾਆਂ ਭਰ ਵਿਚ ਮਾਸੂਮ ਬੱਚੀਆਂ ਅਤੇ ਔਰਤਾਂ ਨਾਲ ਹੋ ਰਹੀਆਂ ਵਧੀਕੀਆਂ, ਨਾ-ਇਨਸਾਫ਼ੀਆਂ ਅਤੇ ਘੋਰ ਵਿਤਕਰੇ ਬਾਰੇ ਵਿਚਾਰ ਰੱਖੇ। ਟੋਰਾਂਟੋ ਤੋਂ ਸ਼ਾਮਲ ਸੁੰਦਰਪਾਲ ਕੌਰ ਨੇ ਬੰਦੀਛੋੜ ਦਿਵਸ ਬਾਰੇ ਕਵਿਤਾ ਸੁਣਾਈ। ਹਰਮਿੰਦਰ ਕੌਰ ਚੁੱਘ ਨੇ ਆਪਣੀ ਤਾਜ਼ਾ ਕਵਿਤਾ ਦੀਵਾਲੀ ਨੂੰ ਮੁੱਖ ਰੱਖ ਕੇ ਸੁਣਾਈ। ਰਾਜਵੰਤ ਮਾਨ ਨੇ ਆਪਣੀ ਸੱਜਰੀ ਨਜ਼ਮ ਵਿਚ ਪੰਜਾਬ ਦੀ ਬੇ-ਢਵੀ ਰਾਜਨੀਤੀ ਦਾ ਨਕਸ਼ਾ ਪੇਸ਼ ਕੀਤਾ। ਜਗਦੀਸ਼ ਕੌਰ ਸਰੋਆ ਦਾ ਭਜਨ ਧਾਰਮਿਕ ਰੰਗਣ ਦੇ ਗਿਆ। ਲੰਮੀ ਗ਼ੈਰਹਾਜ਼ਰੀ ਤੋਂ ਬਾਦ ਹਾਜ਼ਰ ਹੋਏ ਮਕਬੂਲ ਕਵੀਸ਼ਰ, ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਪੇਸ਼ ਕਰ ਕੇ ਅਹਿਮ ਘਾਟ ਪੂਰੀ ਕੀਤੀ। ਜਸਵੰਤ ਸਿੰਘ ਵਿਰਕ ਨੇ ਗੁਰਬਾਣੀ ਦੀ ਤੁਕ - ਆਪਣਾ ਆਪ ਪਛਾਣ-- ਦੇ ਹਵਾਲੇ ਨਾਲ ਆਪਾ ਜਾਨਣ ਦੀ ਲੋੜ ਤੇ ਜ਼ੋਰ ਦਿੱਤਾ, ਜਿਸ ਦੀ ਪ੍ਰੋੜ੍ਹਤਾ ਅਤੇ ਵਿਆਖਿਆ ਡਾ. ਮਹਿੰਦਰ ਸਿੰਘ ਹੱਲ੍ਹਣ ਨੇ ਕੀਤੀ। ਜੋਗਾ ਸਿੰਘ ਸਹੋਤਾ ਨੇ ਮੋਹਨ ਸਿੰਘ ਔਜਲਾ ਦੀ ਗ਼ਜ਼ਲ ਉਸੇ ਦੀ ਬਰਸੀ ਨੂੰ ਸਮਰਪਿਤ ਕਰ ਕੇ ਮਾਹੌਲ ਗ਼ਮਗੀਨ ਕਰ ਦਿੱਤਾ - ਰੋ ਲੈਣਗੇ ਯਾਰ ਮੈਨੂੰ, ਦੁਨੀਆਂ ਤੋਂ ਜਾਣ ਮਗਰੋਂ। ਜਗਜੀਤ ਰਹਿਸੀ ਦਾ ਸ਼ਿਅਰ - ਪਹਿਲੇ ਖ਼ੂਨ ਕੇ ਰਿਸ਼ਤੇ ਹੋਤੇ ਥੇ, ਅਬ ਰਿਸ਼ਤੋਂ ਕਾ ਖ਼ੂਨ ਹੋਤਾ ਹੈ - ਤਕੜਾ ਅਸਰ ਛੱਡ ਗਿਆ। ਐਡਮੰਟਨ ਤੋਂ ਸ਼ਾਮਲ ਅਮਰਜੀਤ ਸਹੋਤਾ ਨੇ ਇਨਕਲਾਬੀ ਕਵੀ ਫ਼ੈਜ਼ ਅਹਿਮਦ ਫ਼ੈਜ਼ ਦਾ ਕਲਾਮ ਪੇਸ਼ ਕੀਤਾ - ਵੋਹ ਜਾ ਰਹਾ ਹੈ ਕੋਈ, ਗ਼ਮੇ-ਜ਼ਿੰਦਗੀ ਗੁਜ਼ਾਰ ਕੇ। ਡਾ. ਮਨਮੋਹਨ ਬਾਠ ਨੇ ਸੁਰੀਲੇ ਕੰਠ ਤੋਂ ਸੁਰ ਵਿਚ ਉਚਾਰਨ ਕਰ ਕੇ ਗੀਤ ਦੇ ਭਾਵ ਨੂੰ ਰੂਪਮਾਨ ਕਰ ਦਿੱਤਾ - ਪਿਆਰ ਵਿਚ ਮਜ਼ਾ ਹੁੰਦਾ ਰੁੱਸੇ ਨੂੰ ਮਨਾਣ ਦਾ। ਬ੍ਰੈਂਪਟਨ ਤੋਂ ਸ਼ਾਮਲ ਮੰਨੇ-ਪ੍ਰਮੰਨੇ ਗੀਤਕਾਰ ਤੇ ਗਾਇਕ ਸੁਜਾਨ ਸਿੰਘ ਸੁਜਾਨ ਦੀ ਪੇਸ਼ਕਾਰੀ ਕਮਾਲ ਵਿਖਾ ਗਈ - ਸੱਜਣ ਦੀ ਤਾਂਘ ਨੀਂ ਮੁਕਦੀ। ਜਗਦੇਵ ਸਿੱਧੂ ਨੇ ਡਾ. ਬਲਵਿੰਦਰ ਕੌਰ ਬਰਾੜ ਦੁਆਰਾ ਟਿੱਕਰੀ ਬਾਰਡਰ ਉੱਪਰ ਕਿਸਾਨ ਮੰਚ ਤੇ ਨਤਮਸਤਕ ਹੋਣ ਦੀ ਸੂਚਨਾ ਦਿੱਤੀ, ਨਾਲ ਹੀ ਮੈਡਮ ਬਰਾੜ ਦੁਆਰਾ ਕੈਲਗਰੀ ਤੋਂ ਮਿਲੇ ਤਿਲ-ਫੁੱਲ ਦੀ ਭੇਟਾ ਨਿਸ਼ਕਾਮ ਕਰਮੀ ਡਾ. ਸ੍ਵੈਮਾਨ ਸਿੰਘ ਦੇ ਹਵਾਲੇ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ। ਸ਼ਮਸ਼ੇਰ ਸਿੰਘ ਸੰਧੂ ਨੇ ਉਸ ਦੀਆਂ ਰਚਨਾਵਾਂ ਬਾਰੇ ਸੁਲੱਖਣ ਸਰਹੱਦੀ ਦੇ ਲਿਖੇ ਖੋਜ-ਪੱਤਰ ਵਿੱਚੋਂ ਕੁੱਝ ਅੰਸ਼ ਪੜ੍ਹ ਕੇ ਸੁਣਾਏ ਅਤੇ ਪੇਸ਼ਕਾਰੀਆਂ ਦੀ ਸਰਾਹਨਾ ਕਰਦਿਆਂ ਹਾਜ਼ਰੀਨ ਦਾ ਧੰਨਵਾਦ ਕੀਤਾ। ਜਸਵੀਰ ਸਿਹੋਤਾ ਨੇ ਸੰਚਾਲਨ ਕਰਦਿਆਂ ਢੁਕਵੀਆਂ ਟਿੱਪਣੀਆਂ ਨਾਲ ਲੜੀ ਜੋੜੀ ਰੱਖੀ। ਉਸ ਨੇ ਸਾਰਿਆਂ ਨੂੰ 4 ਦਸੰਬਰ ਨੂੰ ਹੋਣ ਵਾਲੀ ਮੀਟਿੰਗ ਵਿਚ ਹਾਜ਼ਰ ਹੋਣ ਦੀ ਬੇਨਤੀ ਕਰ ਕੇ ਚਲਦੀ ਮੀਟਿੰਗ ਦੀ ਸਮਾਪਤੀ ਕੀਤੀ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਿਲਣੀ ਮੌਕੇ ਦੀਵਾਲੀ, ਗੁਰਪੁਰਬ ਅਤੇ ਬੰਦੀਛੋੜ ਦਿਵਸ ਬਾਰੇ ਵਿਚਾਰਾਂ ਹੋਈਆਂ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਹੀਨਾਵਾਰ ਮਿਲਣੀ 13 ਨੰਵਬਰ ਨੂੰ ਜ਼ੂਮ ਰਾਹੀਂ ਹੋਈ। ਜਿਸ ਦਾ ਸੰਚਾਲਨ ਸਤਨਾਮ ਸਿੰਘ ਢਾਅ ਨੇ ਕਰਦਿਆਂ ਸਾਰੇ ਸਹਿਤਕ ਦੋਸਤਾਂ ਨੂੰ ਜੀ ਆਇਆ ਆਖਿਆ। ਸੰਸਾਰ ਯੁੱਧ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ, ਦਿਵਾਲ਼ੀ ਤੇ ਬੰਦੀ-ਛੋਡ ਦਿਵਸ ਦੀ ਵਧਾਈ ਦਿੱਤੀ। ਸਰੂਪ ਸਿੰਘ ਮੰਡੇਰ ਨੇ ਕਵੀਸ਼ਰੀ ਰੰਗ ਵਿੱਚ ਕਿਸਾਨ ਮੋਰਚੇ ਦੀ ਚੜ੍ਹਦੀ ਕਲਾ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਪੰਜਾਬੀਆਂ ਦੀਆਂ ਕੁਰਬਾਨੀਆਂ ਦੀ ਬਾਤ ਪਾਈ। ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਉਜਾੜੀ ਜਾ ਰਹੀ ਕਿਸਾਨੀ ਦੀ ਦਾਸਤਾਨ ਪੇਸ਼ ਕੀਤੀ। ਅਜਾਇਬ ਸਿੰਘ ਸੇਖੋਂ ਨੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਵਧਾਈ ਦਿੰਦਿਆਂ ਭਾਈ ਗੁਰਦਾਸ ਦੀ ਵਾਰ ਪੇਸ਼ ਕੀਤੀ। ਜਗਜੀਤ ਸਿੰਘ ਰਹਿਸੀ ਨੇ ਮੁਹੰਮਦ ਰਫ਼ੀ ਜੀ ਦਾ ਇੱਕ ਗੀਤ ਆਪਣੀ ਬੁਲੰਦ ਅਵਾਜ਼ ਵਿੱਚ ਪੇਸ਼ ਕਰ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਜੋਗਾ ਸਿੰਘ ਸਹੋਤਾ ਨੇ ਹਰਮੋਨੀਅਮ ਨਾਲ ਗ਼ਜ਼ਲ ਪੇਸ਼ ਕਰਕੇ ਸੰਗੀਤ-ਕਲਾ ਦਾ ਅਮਿੱਟ ਪ੍ਰਭਾਵ ਛੱਡਿਆ। ਜਰਨੈਲ ਸਿੰਘ ਤੱਗੜ ਨੇ ਕਿਸਾਨੀ ਅੰਦੋਲਨ ਅਤੇ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਬਾਰੇ ਵਿਚਾਰ ਰੱਖੇ। ਡਾ. ਮਨਮੋਹਨ ਸਿੰਘ ਬਾਠ ਨੇ ਯਮਲੇ ਜੱਟ ਦਾ ਗੁਰੂ ਨਾਨਕ ਦੇਵ ਜੀ ਬਾਰੇ ਗਾਇਆ ਗੀਤ ਪੇਸ਼ ਕੀਤਾ ਅਤੇ ਯਮਲਾ ਜੀ ਦੀ ਯਾਦ ਤਾਜੀ ਕਰਾ ਦਿੱਤੀ। ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ 'ਸੁੱਕਾ ਪੱਤਾ ਨਾਲ ਹਵਾਵਾ ਲੜਿਆ ਹੈ' ਇੱਕ ਇਨਕਲਾਬੀ ਗ਼ਜ਼ਲ ਪੇਸ਼ ਕੀਤੀ ਜੋ ਸਰੋਤਿਆਂ ਦੇ ਮਨ ਤੇ ਅਮਿੱਟ ਪ੍ਰਭਾਵ ਛੱਡ ਗਈ। ਸੁਖਵਿੰਦਰ ਸਿੰਘ ਤੂਰ ਨੇ ਸੁਰਜੀਤ ਪਾਤਰ ਦੀ ਗ਼ਜ਼ਲ 'ਐ ਪੰਜਾਬ ਤੂੰ ਜਿਉਣਾ ਦੱਸਿਆ ਹੈ' ਸੁਰੀਲੀ ਅਵਾਜ਼ ਅਤੇ ਆਪਣੇ ਅੰਦਾਜ ਵਿੱਚ ਪੇਸ਼ ਕੀਤੀ, ਜਿਸ ਨੇ ਸਰੋਤਿਆਂ ਦਾ ਮਨ ਮੋਹ ਲਿਆ। ਇਕਬਾਲ ਖ਼ਾਨ ਨੇ ਇੱਕ ਛੋਟਾ ਲੇਖ 'ਅਹਿਸਾਸ' ਰਾਹੀਂ ਆਪਣੇ ਵਿਚਾਰ ਪੇਸ਼ ਕੀਤੇ ਜਿਸ ਨੂੰ ਸਰੋਤਿਆਂ ਨੇ ਮੰਤਰ ਮੁਗਧ ਹੋ ਕੇ ਸੁਣਿਆਂ। ਤੇਜਾ ਸਿੰਘ ਥਿਆੜਾ ਨੇ ਵੀ ਪੇਸ਼ਕਾਰੀਆਂ ਉੱਪਰ ਹੌਸਲਾ ਅਫ਼ਜਾਈ ਵਾਲੀ ਇਸ ਸਾਹਿਤਕ ਵਿਚਾਰ ਚਰਚਾ ਵਿੱਚ ਯੋਗਦਾਨ ਪਾਇਆ।







# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 49 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ, ਵਰਕ ਪਰਮਿਟ,ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਇੰਗਲੈਂਡ ਤੋਂ ਕਨੇਡਾ ਮੂਵ ਹੋਇਆ ਹੋਣ ਕਾਰਣ ਹਾਲੇ ਕਨੇਡਾ ਦੇ ਕਿਸੇ ਵੀ ਸ਼ਹਿਰ ਵਿੱਚ ਮੂਵ ਹੋ ਸਕਦਾ ਹੈ । ਸੰਪਰਕ: 587 707 3254 ***189***

## ਲੜਕੀ ਦੀ ਲੋੜ

ਪੜੇ ਲਿਖੇ ਮਹਾਸਾ ਪਰਿਵਾਰ ਦੇ ਪੁਰਤਗਾਲ ਵਿੱਚ ਪੱਕੇ ਤੌਰ ਤੇ ਰਹਿ ਰਹੇ ਲੜਕੇ ਉਮਰ 32 ਸਾਲ , ਜਿਸ ਨੇ ਬੀ ਟੈਕ ਪੰਜਾਬ ਤੋਂ ਅਤੇ ਐਮ ਟੈਕ ਯੂਰਪ ਤੋਂ ਕੀਤੀ ਹੈ, ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਮਾਝੇ ਨੂੰ ਪਹਿਲ। ਕੋਈ ਜਾਤੀ ਬੰਧਨ ਨਹੀਂ ਹੈ। ਵਟਸਐਪ ਸੰਪਰਕ: 1 780 850 7078 ਜਾਂ 91 94 17430798 **185**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਐਡਮੰਟਨ ਵਿੱਚ ਚੰਗੀ ਜੌਬ ਕਰ ਰਹੇ ਲੜਕੇ ,ਜਨਮ 1988,ਕੱਦ 5 ਫੁੱਟ 10 ਇੰਚ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 780 762 4646 ***189***

## ਲੜਕੇ ਦੀ ਲੋੜ

ਸ਼ਰਮਾ ਪਰਿਵਾਰ ਦੀ ਇੰਡੀਆ ਰਹਿ ਰਹੀ ਤਲਾਕਸ਼ੁਦਾ ਲੜਕੀ ਉਮਰ 27 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਨਰਸਿੰਗ ਲਈ ਕਨੇਡਾ ਜਾਂ ਅਮਰੀਕਾ ਤੋਂ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਪਹਿਲੇ ਵਿਆਹ ਦਾ 4 ਸਾਲ ਦਾ ਬੇਟਾ ਵੀ ਹੈ । ਸੰਪਰਕ: 587 433 1218 ***189***

## ਲੜਕੇ ਦੀ ਲੋੜ

ਇੰਡੀਆ ਰਹਿ ਰਹੀ ਰਵੀਦਾਸੀਆ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ :ਜੀ ਐਨ ਐਮ ਨਰਸਿੰਗ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਕਾਲ: 587 889 5313 ***189***

## ਲੜਕੇ ਦੀ ਲੋੜ

ਕਨੇਡਾ ਸਟੂਡੈਂਟ ਆਈ ਪਰ ਹੁਣ ਪੋਸਟ ਗਰੈਜੂਏਟ ਵਰਕ ਪਰਮਿਟ ਉੱਪਰ ਬਦੇਸਾ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਐਸ ਸੀ , ਐਮ ਐੱਡ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 91 9855391591 Or e mail : saabbadesha@gmail.com ***189***

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਇੰਡੀਆ ਵਿੱਚ ਰਹਿੰਦੀ ਸੋਹਣੀ ਸੁਨੱਖੀ ਲੜਕੀ ਉਮਰ 37 ਸਾਲ, ਕੱਦ 5 ਫੁੱਟ 5 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨੇ ਪਲੱਸ ਟੂ ਤੋਂ ਬਾਦ ਆਈ ਟੀ ਆਈ ਸਿਲਾਈ ਕਢਾਈ ਦਾ ਡਿਪਲੋਮਾਂ ਕੀਤਾ ਹੋਇਆ ਹੈ। ਲੜਕੀ ਦਾ ਭਰਾ ਕਨੇਡਾ ਵੈੱਲ ਸੈਟਲਡ ਹੈ। ਕੋਈ ਜਾਤੀ ਭੇਦਭਾਵ ਨਹੀਂ, ਤਲਾਕਸੂਦਾ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 1 647 327 0556 ਜਾਂ 437 213 6387 ***188***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ , ਵਿਦਿਅਕ ਯੋਗਤਾ ਬੀ ਏ,ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਤਲਾਕਸੁਦਾ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 825 439 9000 ਈ ਮੇਲ: Harpreet88b@gmail.com ***188***

## ਲੜਕੀ ਦੀ ਲੋੜ

ਆਸਟਰੇਲੀਅਨ ਪੀ ਆਰ ਸ਼ਰਮਾ ਪਰਿਵਾਰ ਦੇ ਸੋਹਣੇ ਸੁਨੱਖੇ, ਨਾਨ ਡਰਿੰਕਰ, ਨਾਨ ਸਮੋਕਰ,ਲੜਕੇ ,ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਡਿਪਲੋਮਾਂ ਇਨ ਅਕਾਊਂਟਿੰਗ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ, ਸਿਟੀਜਨ ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਦੇ ਰਿਸਤੇ ਦੀ ਭਾਲ ਹੈ। ਲੜਕੇ ਦਾ ਪਰਿਵਾਰ ਕਨੇਡਾ ਸੈਟਲ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: (403) 890-7020 ***188***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਬਿਜਨਿਸ ਐਡਮਿਨਿਸਟਰੇਸ਼ਨ ਫਾਇਨੈਂਸ ਡਿਪਲੋਮਾ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨਾਮਵਰ ਫਾਇਨੈਂਸ ਕੰਪਨੀ ਵਿੱਚ ਜੌਬ ਕਰ ਰਹੀ ਹੈ। ਵਿਜਟਿਰ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਕਰਨ । ਸੰਪਰਕ: 1 825 365 9343 ***188***

## ਲੜਕੇ ਦੀ ਲੋੜ

ਇੰਡੀਆ ਰਹਿ ਰਹੀ ਚੰਗੇ ਪੜੇ ਲਿਖੇ ਐਸ ਸੀ ਪਰਿਵਾਰ ਵਿੱਚੋਂ ਕਲਾਸ ਵਨ ਅਫਸਰ ਦੀ ਧੀ, ਉਮਰ 33 ਸਾਲ ,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਡ, ਡਬਲ ਐਮ ਏ ਹਿੰਦੀ ਅਤੇ ਇੰਗਲਿਸ਼,ਪੀ ਜੀ ਡੀ ਸੀ ਏ,ਸੋਹਣੀ ਸੁਨੱਖੀ ਲੜਕੀ ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ , ਸਿਟੀਜਨ ਜਾਂ ਇੰਡੀਆ ਵਿੱਚ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਭੈਣ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ: 306 737 9272 ਜਾਂ 306 737 9328 ਈ ਮੇਲ : Singhmonika651@gmail.com ***188***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਮਜਬੀ ਸਿੱਖ ਸਹੋਤਾ ਪਰਿਵਾਰ ਦੇ ਲੜਕੇ ਉਮਰ 28 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਡੈਂਟਲ ਹਾਈਜੀਨ ਡਿਪਲੋਮਾਂ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਬੀ ਐਸ ਸੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ । ਲੜਕੇ ਨੇ ਕਨੇਡਾ ਬਿਜਨਿਸ ਮੈਨੇਜਮੈਂਟ ਦਾ ਡਿਪਲੋਮਾਂ ਕੀਤਾ ਹੋਇਆ ਹੈ ਅਤੇ ਇਸ ਵੇਲੇ ਟਰਾਂਸਪੋਰਟ ਦੇ ਕਿੱਤੇ ਵਿੱਚ ਸਫਲ ਬਿਜਨਿਸਮੈਨ ਹੈ। ਸਾਦਾ ਵਿਆਹ, ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਹੀ ਸੈਟਲ ਹੈ। 1 306 807 4758 ***188***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਮੰਗਲੀਕ ਲੜਕੀ ਜਨਮ 1990, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 587 839 4726 ਜਾਂ 403 804 1286***187***

## ਲੜਕੇ ਦੀ ਲੋੜ

Respectable, well established, Jatt Sikh parents seeking a suitable match for their daughter, 29 yrs. old, 5'-3" tall, Canadian PR, Master's in Applied Sciences from University of Calgary, well settled as Engineer/Analyst in Chilliwack (BC), very beautiful and family oriented. The boy should be Canadian PR/Citizen, educated from Canada/North America (Bachelor/Master/Doctorate), smart, handsome, good looking, with modern values Jatt Sikh. Please email recent picture and biodata to: basketfiree@gmail.com or call: 1-778-539-7001 ***188***

## ਲੜਕੀ ਦੀ ਲੋੜ

Respectable, well established, Jatt Sikh parents seeking a suitable match for their son, 34 yrs. old, 5'-11" tall, Canadian Citizen, well settled as engineering professional in Edmonton, background in Master of Industrial Engineering, handsome, smart, family oriented and blend of modern and cultural values. The girl should be Canadian PR/Citizen, educated from Canada/North America (Bachelor/Master/Doctorate), smart, beautiful, well-versed in both cultures, Jatt Sikh. Please email recent picture and bio-data to: basketfiree@gmail.com or call: 1-403-404-4069 ***188***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਕਲ ਇੰਜੀਅਰਿੰਗ ਵਿੱਚ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 909 8665 ***187***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 587 839 4726 ਜਾਂ 403 804 1286***187***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਸੋਹਣੀ ਸੁਨੱਖੀ, ਉਮਰ 25 ਸਾਲ ,ਕੱਦ 5 ਫੁੱਟ 8 ਇੰਚ,ਚੰਗੀ ਪੜੀ ਲਿਖੀ ਮੈਡੀਕਲ ਫੀਲਡ ਵਿੱਚ ਜੌਬ ਕਰਦੀ ਲੜਕੀ ਲਈ, ਕਨੇਡਾ ਤੋਂ ਹੀ ਹਾਣ ਪਰਵਾਣ ਦੀ ਵਿਦਿਅਕ ਯੋਗਤਾ ਵਾਲੇ ਕਨੇਡਾ ਦੇ ਹੀ ਪੜ੍ਹੇ ਅਤੇ ਕਨੇਡਾ ਵਿੱਚ ਹੀ ਕੰਮ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 472 0465 ***187***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਦਿਓਲ ਪਰਿਵਾਰ ਚੰਗੇ ਪੜੇ ਲਿਖੇ ਚੰਗੀ ਕੰਪਨੀ ਵਿੱਚ ਚੰਗੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 11 ਇੰਚ,ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 446 6666 ***187***

## ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਟਾਂਕ ਕਸ਼ੱਤਰੀ ਪੁਰਬਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਡਿਪਲੋਮਾਂ ਇਨ ਇਲੈਕਟਰੀਕਲ, ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 0865 ***186***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ। ਸੰਪਰਕ: 587 438 4041***186***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਹਿੰਦੂ ਖੱਤਰੀ ਪਰਿਵਾਰ ਦੇ ਚੰਗੇ ਪੜੇ ਲਿਖੇ, ਸੋਹਣੇ ਸੁਨੱਖੇ ਲੜਕੇ ,ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਹਾਣ ਪਰਵਾਣ ਦੀ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 245 6776***186***

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ ਓਮਰ 36 ਸਾਲ,ਕੱਦ 5'10",,ਵਿਜੀਟਰ ਵੀਜਾ ਹੋਲਡਰ ਲਈ ਕਨੇਡੀਅਨ ਪੀ ਆਰ ,ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੀ ਲੋੜ ਹੈ,ਕੋਈ ਜਾਤੀ ਬੰਧਨ ਨਹੀ, ਤਲਾਕਸ਼ੁਦਾ ਵੀ ਵਿਚਾਰ ਯੋਗ, ਸੰਪਰਕ.. 91 8528486866 ਜਾਂ 1 647 879 1272 ***182***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਆਰ ਐਨ ਲੜਕੇ ਲਈ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 968 5620 ***186***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ,ਜਨਮ 1995,ਕੱਦ 5 ਫੁੱਟ 7 ਇੰਚ, ਕੈਲਗਰੀ ਵਿਖੇ ਹੀ ਐਲ ਪੀ ਐਨ ਦੀ ਜੌਬ ਕਰਦੀ ਲੜਕੀ ਲਈ ਹਾਣ ਪ੍ਰਵਾਣ ਦੀ ਵਿਦਿਅਕ ਯੋਗਤਾ ਅਤੇ ਚੰਗੇ ਪਰਿਵਾਰਕ ਪਿਛੋਕੜ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਆਪਣੇ ਬਾਰੇ ਜਾਣਕਾਰੀ ਅਤੇ ਸੱਜਰੀ ਫੋਟੋ ਵਟਸ ਐਪ 91 89684 59226 ਉੱਪਰ ਭੇਜੋ ---Jatt sikh Gill family seeks a suitable match for their daughter, 1995 born, 5'7" PR in Canada. LPN working in Calgary . Looking for well educated and family oriented boy. Send your bio data and recent pictures on WhatsApp at +91 89684 59226 ***186***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਜੱਸਲ ਪਰਿਵਾਰ ਦੇ ਲੜਕੇ, ਉਮਰ 23 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ : ਆਈ ਟੀ ਆਈ ਪਲੰਬਰ ਦਾ ਡਿਪਲੋਮਾ ਅਤੇ ਹੁਣ ਲਵਲੀ ਯੂਨੀਵਰਿਸਟੀ ਵਿੱਚ ਬੀ ਏ ਫਾਈਨਲ ਕਰ ਰਹੇ ਲਈ, ਕਨੇਡੀਅਨ ਪੀਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਪਰਿਵਾਰ ਦਾ ਆਪਣਾ ਲੁਧਿਆਣਾ ਵਿੱਚ ਬਿਜਨਿਸ ਹੈ।ਲੜਕੇ ਦਾ ਭਰਾ ਅਤੇ ਨਾਨਕਾ ਪਰਿਵਾਰ ਕਨੇਡਾ ਨਿਵਾਸੀ ਹਨ। ਸੰਪਰਕ : 91 98 760 90313,1 778 706 9611 ਜਾਂ 416 509 6200 ***186***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ । ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 **190**

# Trust in charity an essential element of giving this season

CALGARY (PAB)Better Business Bureau, through its Wise Giving Alliance, has released its Profiles in Charity and Giving Report.

"We know that Canadians are generous and when able look for ways to donate to reputable charities with strong track records," says Mary O'Sullivan-Andersen, President and CEO of BBB Serving Southern Alberta and East Kootenay. "Many local charities have faced challenging times in recent months. This report points to what donors take into account when making a financial contribution."

She adds, "This report underscores that when considering donating to a charity the top three factors were the accomplishments shared by the organization, a third-party evaluation by an independent organization, and name recognition."The research, completed by BBB's Wise Giving Alliance also notes that the type of charity Canadians donated to most frequently in 2020 were (1) health organizations, (2) social service charities, and (3) animal welfare organizations. "Higher trust in charities translates to public engagement and therefore confidence in giving," says O'Sullivan-Andersen.


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧ੍ਰੇਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹੂਈੑੜਕ੍ਰੇੜਕੀ ਦੀ ਭਾਲ ਸਬੰਧੀ,ਵਰਕਰਾਂ ਦ੍ਹੌੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ੍ਹਈ ਸੰਪਰਕ ਕਰੋ ।

**ਕੈਲਗਰੀ-403 640 2000**

**ਐਡਮਿੰਟਨ-780 599 2000 ਸੈਸਕਾਟੂਨ 639 999 1000**

**ਰੀਜਾਇਨਾ- 639 999 1000, ਵਿਨੀਪੈੱਗ- 431 733 3000**



Masihi Life Church

3663 19th STREET CALGARY AB T2E 6S8

FOR PRAYER CALL 403-429-0369

ਯੂਹੰਨਾ 8:12

ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ। ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।




Are you searching for a church to attend

Come and join us

(Service in Hindi/Punjabi)

We welcome you all

CHURCH SERVICE EVERY SUNDAY 12PM TO 3PM

facebook

ਮੱਤੀ 11:28

ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ



**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**



ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦ੍ਹੌੜ

A 1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦ੍ਹੌੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



**Hiring !**

Daffodils Cargoĺogistics Inc. isĺooking for Class 1 Drivers forĺong - Haul Best pay packages upto 58 cents per mile Applicants should have minimum of 7 - 12 months driving experience Please contact with your drivingĺicense and commercial driving abstract

Email : dclogistics4@gmail.com

Phone : 204-396-1696 , 204-891-0031



**Hiring**

**Hair and face art salon isĺooking for hairdresser (NOC CODE 6341) Applicants should have minimum of 1-2 years of experience. Number of Vacancies :2 Wage rate: 20/hour full time job Interested candidates please send your resume at email: hairandfaceart994@gmail.com**



**Tractor Trucks forĺease**

Two Trucks forĺease

Volvo Trucks with Sleeper

Maintenance Freeĺease

Minimum Six Months to Twelve Monthsĺease

Good forĺocal, Regional/Short-Haul

$5000.00 Down

$4000.00 Per Month

Some Restrictions Apply

FRESH FREIGHT



Please Contact:

**KulbirShergill Fresh Freightĺtd**

Phone or Text- 403-510-0070

Email: info@freshfreight.ca



**A-CHOICE DRIVING SCHOOL**

Bay# 324, 4774 Westwinds Dr NE

Calgary Alberta T3J 0L9

Tel: 403-473-1682



# ਮੈਨੀਟੋਬਾ ਦਾ ਬਾਨੀ ਫੈਡਰੇਸ਼ਨ ਦਾ ਪਿਤਾਮਾ ਲੂਈ ਰੀਲ



ਜਗਦੇਵ ਸਿੱਧੂ ਕੈਲਗਰੀ
403 351 1136


**ਲੜੀ ਜੋੜਨ ਲਈ 5 ਨਵੰਬਰ 2021 ਵਾਲਾ ਅੰਕ ਦੇਖੋ**

ਲੂਈ ਰੀਲ ਨੇ ਕੈਨੇਡਾ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਆਪਣੇ ਲੋਕਾਂ ਦੀਆਂ ਮੰਗਾਂ ਸਹੀ ਢੰਗ ਨਾਲ ਪੇਸ਼ ਕਰਨ ਦਾ ਤਰੀਕਾ ਅਖ਼ਤਿਆਰ ਕੀਤਾ। ਬਿਸ਼ਪ ਤਾਸ਼ੇ ਫ਼ਰਵਰੀ ਵਿਚ ਰੋਮ ਤੋਂ ਵਾਪਸ ਆਇਆ। ਉਸ ਨੇ ਪ੍ਰਧਾਨ ਮੰਤਰੀ ਮੈਕਡਾਨਲਡ, ਉਪ ਪ੍ਰਧਾਨ ਮੰਤਰੀ ਕਾਰਟੀਅਰ ਅਤੇ ਜੋਜ਼ਫ਼ ਹੋਵ ਨਾਲ ਰੈੱਡ ਰਿਵਰ ਦੇ ਲੋਕਾਂ ਦੀਆਂ ਮੰਗਾਂ ਬਾਰੇ ਲੰਬੀ ਗੱਲ ਬਾਤ ਕਰ ਕੇ ਵਫ਼ਦ ਦੁਆਰਾ ਡਿਪਲੋਮੈਟਿਕ ਪੱਧਰ ਤੇ ਰਸਮੀ ਗੱਲ ਬਾਤ ਕਰਨ ਦਾ ਰਾਹ ਪੱਧਰਾ ਕਰ ਦਿੱਤਾ। ਉਸ ਨਾਲ ਸਾਰੇ ਵਿਦਰੋਹੀਆਂ ਨੂੰ ਆਮ ਮੁਆਫ਼ੀ ਦੇਣ ਦਾ ਵਾਅਦਾ ਵੀ ਕੀਤਾ ਗਿਆ।

ਫਲ ਸਰੂਪ ਲੂਈ ਰੀਲ ਨੇ 22 ਮਾਰਚ, 1870 ਨੂੰ ਇੱਕ ਤਿੰਨ ਮੈਂਬਰੀ ਵਫ਼ਦ ਸਰਕਾਰ ਨਾਲ ਗੱਲ ਬਾਤ ਕਰਨ ਲਈ ਔਟਵਾ ਭੇਜਿਆ ਜਿਸ ਵਿਚ ਸ਼ਾਮਲ ਸਨ – ਫ਼ਾਦਰ ਜੋਜ਼ਫ਼ ਨੋਇਲ ਰਿਚਰਡ ( ਮੈਟੀਸ ), ਜੱਜ ਜਾਹਨ ਬਲੈਕ ( ਅੰਗ੍ਰੇਜ਼ ) ਅਤੇ ਅਲਫਰੈਡ ਐਚ. ਸਕਾਟ ( ਅਮਰੀਕਨ ਪ੍ਰਤੀਨਿਧ )। ਇਹ ਵਫ਼ਦ ਅਪ੍ਰੈਲ ਦੇ ਸ਼ੁਰੂ ਵਿਚ ਔਟਵਾ ਪਹੁੰਚਿਆ। ਰਿਚਟ ਨੇ 25 ਅਪ੍ਰੈਲ ਨੂੰ ਉਪ ਪ੍ਰਧਾਨ ਮੰਤਰੀ , ਕਾਰਟੀਅਰ ਨਾਲ ਵਿਸਤ੍ਰਿਤ ਗੱਲ ਬਾਤ ਕੀਤੀ, ਜਿਸ ਦੇ ਹਾਂ-ਪੱਖੀ ਹੁੰਗਾਰੇ ਵਜੋਂ ਸਟੇਟ ਸੈਕਟਰੀ ਪ੍ਰੋਵਿੰਸਿਜ਼, ਜੋਜ਼ਫ਼ ਹੋਵ ਨੇ ਰਿਚਟ ਨੂੰ ਬਾਕਾਇਦਾ ਪੱਤਰ ਲਿਖ ਕੇ ਵਫ਼ਦ ਨੂੰ ਮਾਨਤਾ ਦਿੱਤੀ ਅਤੇ ਅਗਲੇ ਦਿਨ ਤੋਂ ਰਸਮੀ ਗੱਲ ਬਾਤ ਲਈ ਸਰਕਾਰੀ ਸੱਦਾ ਦਿੱਤਾ। ਗੱਲ ਬਾਤ ਲਗਾਤਾਰ ਤਿੰਨ ਦਿਨ ਚਲਦੀ ਰਹੀ ਜਿਸ ਮਗਰੋਂ ਪ੍ਰਧਾਨ ਮੰਤਰੀ ਮੈਕਡਾਨਲਡ ਨੇ ਰਿਚਟ ਦੀਆਂ ਲਗਭਗ ਸਾਰੀਆਂ ਮੰਗਾਂ ਮੰਨ ਲਈਆਂ, ਜਿੰਨ੍ਹਾਂ ਵਿਚ ਮੁੱਖ ਮੰਗ ਰੀਲ ਦੇ ਸੁਝਾਅ ਮੁਤਾਬਕ ਮੈਨੀਟੋਬਾ ਨਾਂ ਦਾ ਨਵਾਂ ਸੂਬਾ ਫੈਡਰੇਸ਼ਨ ਵਿਚ ਸ਼ਾਮਲ ਕਰਨਾ ਸੀ। ਜ਼ਮੀਨੀ ਹੱਕਾਂ ਬਾਰੇ ਮੰਨਿਆਂ ਗਿਆ ਕਿ ਮੈਟੀਸ ਨੂੰ ਉਨ੍ਹਾਂ ਸਾਰੀਆਂ ਜ਼ਮੀਨਾਂ ਦੀ ਮਾਲਕੀ ( ਟਾਈਟਲ ) ਦਿੱਤੀ ਜਾਵੇਗੀ ਜਿਹੜੀਆਂ ਉਨ੍ਹਾਂ ਦੇ ਕਬਜ਼ੇ ਹੇਠ ਸਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਚਾਰ ਲੱਖ ਏਕੜ ਜ਼ਮੀਨ ਉਨ੍ਹਾਂ ਦੀ ਮੂਲ ਨਿਵਾਸੀ ਦੀ ਉਪਾਧੀ ਅਤੇ ਇਸ ਨਾਲ ਜੁੜੀਆਂ ਸਹੂਲਤਾਂ ਖੁੱਸਣ ਦੇ ਇਵਜ਼ਾਨੇ ਵਜੋਂ ਦਿੱਤੀ ਜਾਵੇਗੀ। ਆਮ ਮੁਆਫ਼ੀ ਦਾ ਵਾਅਦਾ ਵੀ ਦੁਹਰਾਇਆ ਗਿਆ।

9 ਮਈ, 1870 ਨੂੰ ਪਾਰਲੀਮੈਂਟ ਨੇ 120 – 11 ਦੀ ਵੋਟ ਨਾਲ ਮੈਨੀਟੋਬਾ ਬਿਲ ਪਾਸ ਕਰ ਦਿੱਤਾ ਜਿਸ ਨੂੰ ਗਵਰਨਰ ਜਨਰਲ ਨੇ 12 ਮਈ ਨੂੰ ਆਪਣੇ ਦਸਤਖ਼ਤਾਂ ਹੇਠ ਸ਼ਾਹੀ ਮੋਹਰ ਲਾ ਕੇ ਐਕਟ ਬਣਾ ਦਿੱਤਾ। ਜਿੱਥੋਂ ਤੱਕ ਵਿਦਰੋਹੀ ਆਗੂਆਂ ਨੂੰ ਮੁਆਫ਼ੀ ਦੇਣ ਦਾ ਤੁਅੱਲਕ ਸੀ, ਮੈਕਡੋਨਲਡ ਨੇ ਰਿਚਟ ਨੂੰ ਭਰੋਸਾ ਦਿੱਤਾ ਕਿ ਕਿਉਂ ਕਿ ਵਿਦਰੋਹ ਦੇ ਸਮੇਂ ਰੈੱਡ ਰਿਵਰ ਦਾ ਖੇਤਰ ਕੈਨੇਡਾ ਸਰਕਾਰ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ, ਇਸ ਲਈ ਛੇਤੀ ਹੀ ਬਰਤਾਨੀਆਂ ਤੋਂ ਆਮ ਮੁਆਫ਼ੀ ਦਾ ਸ਼ਾਹੀ ਫ਼ੁਰਮਾਨ ਮਿਲਣ ਦੀ ਆਸ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਗਵਰਨਰ ਜਨਰਲ ਸਰ ਜੌਹਨ ਯੰਗ ਨੇ ਵੀ ਰਿਚਟ ਨੂੰ ਯਕੀਨ ਦਿਵਾਇਆ ਕਿ ਸਾਰੇ ਵਿਦਰੋਹੀਆਂ ਲਈ ਆਮ ਮੁਆਫ਼ੀ ਤੁਰਤ ਹੀ ਆਉਣ ਵਾਲੀ ਹੈ। ਰਿਚਟ ਨੂੰ ਮੰਨਣਾ ਪਿਆ ਪਰ ਅਜਿਹਾ ਹੋਇਆ ਨਹੀਂ। ਉਠ ਦਾ ਬੁੱਲ੍ਹ ਕਦੇ ਨਾ ਡਿੱਗਿਆ। ਬਸਤੀਵਾਦੀ ਨਿਜ਼ਾਮ ਦਾ ਖਾਸਾ ਰਿਹਾ ਹੈ ਕਮੀਨਗੀ ਨਾਲ ਝੂਠੇ ਲਾਰੇ ਲਾ ਕੇ ਮਤਲਬ ਕੱਢਣਾ ਤੇ ਮੁੱਕਰ ਜਾਣਾ। ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਅਧਿਕਾਰ ਖੇਤਰ ਤੋਂ ਬਾਹਰ ਮੰਨਣ ਦੇ ਬਾਵਜੂਦ ਵੀ ਮੱਕਾਰ ਮੈਕਡਾਨਲਡ ਲੂਈ ਰੀਲ ਨੂੰ ਅੰਦਰੇ ਅੰਦਰ ਫਾਂਸੀ ਤੇ ਲਟਕਾਉਣ ਦੀ ਪੱਕੀ ਧਾਰੀ ਬੈਠਾ ਸੀ। ਉਲਟਾ ਰੀਲ ਨੂੰ ਉਸੇ ਸੂਬੇ ਅੰਦਰ ਉਸੇ ਪਰੇਰੀ ਸੂਬੇ ਦੀ ਕਾਇਮੀ ਲਈ ਮੁਜਰਮ ਮੰਨਿਆਂ ਗਿਆ ਜਿਸ ਖਾਤਰ ਉਸ ਨੇ ਸੰਘਰਸ਼ ਕੀਤਾ ਅਤੇ ਜਿਸ ਦਾ ਉਹ ਬਾਨੀ ਬਣਿਆ।

15 ਮਾਰਚ ਨੂੰ ਫੋਰਟ ਗੈਰੀ ਅੰਦਰਲੇ ਸਾਰੇ ਕੈਦੀ ਰਿਹਾਅ ਕਰ ਦਿੱਤੇ ਗਏ ਸਨ। ਫੋਰਟ ਗੈਰੀ ਉਪਰ ਯੂਨੀਅਨ ਜੈਕ ਅਤੇ ਮੈਟੀਸ ਝੰਡੇ ਲਹਿਰਾਏ ਗਏ। ਜਦੋਂ ਮੈਕਟਾਵਿਸ਼ ਨੇ ਕੰਪਨੀ ਦਾ ਸਟੋਰ ਵਪਾਰ ਕਰਨ ਲਈ ਖੋਲ੍ਹਣਾ ਮੰਨ ਲਿਆ ਤਾਂ ਰੀਲ ਨੇ 8 ਅਪ੍ਰੈਲ ਨੂੰ ਫੋਰਟ ਗੈਰੀ ਦੀਆਂ ਚਾਬੀਆਂ ਕੰਪਨੀ ਦੇ ਹਵਾਲੇ ਕਰ ਦਿੱਤੀਆਂ। ਉੱਥੇ ਤੈਨਾਤ ਲਗਭਗ ਸਾਰੀ ਮੈਟੀਸ ਫੌਜ ਨੂੰ ਹਟਾ ਲਿਆ ਗਿਆ। ਪਰ ਮੈਕਡਾਨਲਡ ਦੇ ਸ਼ੈਤਾਨ ਦਿਮਾਗ਼ ਦਾ ਕੀੜਾ ਕਹਿ ਰਿਹਾ ਸੀ ਕਿ ▾▾ਇਨ੍ਹਾਂ ਬੇਰੜਿਆਂ ਨੂੰ ਸਖਤੀ ਨਾਲ ਦਬਾਇਆ ਜਾਵੇਗਾ ਤੇ ਅਸਲੀ ( ਫ਼ਿਰੰਗੀ ) ਆਬਾਦਕਾਰਾਂ ਦੀਆਂ ਹੇੜਾਂ ਨੂੰ ਇੱਥੇ ਪਹਿਲ ਦੇਕੇ ਵਸਾਇਆ ਜਾਵੇਗਾ।▾▾ 11 ਮਈ ਨੂੰ 400 ਬਰਤਾਨਵੀ ਅਤੇ 800 ਕੈਨੇਡੀਅਨ ਵਾਲੰਟੀਅਰਾਂ ਸਮੇਤ ਕੁੱਲ 1200 ਨੌਜੁਆਨ ਕਰਨਲ ਗਾਰਨਟ ਵੋਲਜ਼ਲੀ ਦੀ ਕਮਾਂਡ ਹੇਠ ਰੈੱਡ ਰਿਵਰ ਨੂੰ ਵਹੀਰ ਪਾ ਗਏ।ਲੂਈ ਰੀਲ ਨੇ ਵੀ ਆਮ ਮੁਆਫ਼ੀ ਬਾਰੇ ਬਿਸ਼ਪ ਤਾਸ਼ੇ ਅਤੇ ਫਾਦਰ ਰਿਚਟ ਵਾਂਗ ਕੈਨੇਡੀਅਨ ਸਰਕਾਰ ਤੇ ਵਿਸ਼ਵਾਸ ਕਰ ਲਿਆ ਸੀ। ਇਸ ਅਚਾਨਕ ਚੜ੍ਹਾਈ ਨੇ ਉਸ ਨੂੰ ਅਣਗੌਲਿਆਂ ਝੰਜੋੜ ਦਿੱਤਾ। ਜਦੋਂ 23 ਅਗਸਤ ਨੂੰ ਤਾਸ਼ੇ ਆਮ ਮੁਆਫ਼ੀ ਬਾਰੇ ਖਾਲੀ ਹੱਥ ਮੁੜਿਆ, ਉਸ ਸਮੇਂ ਬਦਲਾਖੋਰ ਧਾੜਵੀ ਟੋਲੀ ਫੋਰਟ ਗੈਰੀ ਦੇ ਐਨ ਨੇੜੇ ਪਹੁੰਚ ਚੁੱਕੀ ਸੀ। ਇਸ



ਦੀ ਭਿਣਕ ਪੈਣ ਤੇ ਰੀਲ ਨੇ ਪ੍ਰੋਵਿਜ਼ਨਲ ਸਰਕਾਰ ਦੇ ਨੁਮਾਇੰਦਿਆਂ ਨੂੰ ਸਾਮਾਨ ਸਮੇਟ ਕੇ ਫੋਰਟ ਛੱਡਣ ਲਈ ਕਹਿ ਦਿੱਤਾ। ਅਗਲੇ ਦਿਨ ਉਹ ਆਪਣੇ ਸਾਥੀ ਵਿਲੀਅਮ ਓ ਡੋਨੋਜੂ ਸਮੇਤ ਘੋੜੇ ਤੇ ਸਵਾਰ ਹੋ ਕੇ ਕਿਲਾ ਛੱਡ ਕੇ ਭੱਜ ਨਿਕਲਿਆ। ਇਸ ਤੋਂ ਕੁਛ ਹੀ ਮਿੰਟਾਂ ਬਾਦ ਧਾੜਵੀ ਟੁਕੜੀ ਕਿਲੇ ਤੇ ਕਾਬਜ਼ ਹੋ ਗਈ। ਰੀਲ, ਵਿਲੀਅਮ ਤੇ ਐਂਬਰੋਜ਼ ਲੈਪੀਨ ਦਰਿਆ ਟੱਪ ਕੇ ਬਿਸ਼ਪ ਤਾਸ਼ੇ ਨੂੰ ਜਾ ਮਿਲੇ। ਤਾਸ਼ੇ ਦੀ ਰਿਹਾਇਸ਼ ਤੋਂ ਬਾਹਰ ਆ ਕੇ ਰੀਲ ਨੇ ਆਖਰੀ ਵਾਰ ਕਿਲੇ ਵੱਲ ਵੇਖਿਆ ਤੇ ਕਿਹਾ,▾▾ਮੇਰੇ ਨਾਲ ਜੋ ਮਰਜ਼ੀ ਵਾਪਰੇ, ਘੱਟੋ ਘੱਟ ਮੈਟੀਸ ਦੇ ਹੱਕ ਤਾਂ ਮੈਨੀਟੋਬਾ ਐਕਟ ਰਾਹੀਂ ਮਹਿਫ਼ੂਜ਼ ਹੋ ਗਏ ਹਨ। ਮੈਂ ਇਸੇ ਖਾਤਰ ਜੂਝਦਾ ਰਿਹਾ ਹਾਂ। ਮੇਰਾ ਮਿਸ਼ਨ ਪੂਰਾ ਹੋ ਗਿਆ।▾▾ਇਸ ਥਾਂ ਪਰ ਲੱਗਿਆ ਰੀਲ ਦਾ ਆਦਮ ਕੱਦ ਬੁੱਤ ਅੱਜ ਵੀ ਇਹੋ ਕਹਿੰਦਾ ਜਾਪਦਾ ਹੈ। ਸੱਚਮੁੱਚ ਉਸ ਦੀਆਂ ਪ੍ਰਾਪਤੀਆਂ ਲਾਸਾਨੀ ਸਨ। ਪੜ੍ਹਾਈ ਮਗਰੋਂ ਰੈੱਡ ਰਿਵਰ ਤੇ ਪਰਤਣ ਤੋਂ ਕੇਵਲ ਦੋ ਸਾਲਾਂ ਅੰਦਰ ਉਸ ਨੇ ਮੈਟੀਸ ਨੂੰ ਇੱਕਮੁੱਠ ਕਰ ਕੇ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਦੇ ਖਿਲਾਫ਼ ਲਾਮਬੰਦ ਕੀਤਾ, ਇੱਕ ਕਾਰਗਰ ਆਰਜ਼ੀ ਸਰਕਾਰ ਦੀ ਸਥਾਪਨਾ ਕੀਤੀ ਅਤੇ ਨਵੇਂ ਸੂਬੇ ਮੈਨੀਟੋਬਾ ਦੀ ਕਾਇਮੀ ਦਾ ਇਤਿਹਾਸਕ ਕਾਰਨਾਮਾ ਸਿਰੇ ਚੜ੍ਹਾਇਆ।

ਧਾੜਵੀ ਟੋਲੀ ਦੇ ਅੱਤਿਆਚਾਰਾਂ ਦਾ ਟਾਕਰਾ ਕਰਨ ਸਮੇਂ ਨਵੇਂ ਬਣੇ ਲੈ. ਗਵਰਨਰ ਐਡਮਜ਼ ਜੀ. ਆਰਚਿਬਾਲਡ ਨੇ ਖ਼ੂਨ ਖਰਾਬਾ ਰੋਕਣ ਲਈ ਲੂਈ ਰੀਲ ਨੂੰ ਅਮਰੀਕਾ ਤੋਂ ਵਾਪਸ ਬੁਲਾ ਲਿਆ। 4 ਅਕਤੂਬਰ ਨੂੰ ਸੇਂਟ ਵਿਟਾਲ ਵਿਖੇ ਹੋਈ ਮੀਟਿੰਗ ਵਿਚ ਰੀਲ ਨੇ ਮੈਟੀਸ ਨੂੰ ਮਨਾ ਲਿਆ ਕਿ ਔਟਵਾ ਨੂੰ ਸਹੀ ਕਾਰਵਾਈ ਲਈ ਹੋਰ ਸਮਾਂ ਦਿੱਤਾ ਜਾਵੇ। ਫ਼ਿਰੰਗੀ ਲਾਣੇ ਦੇ ਜ਼ੋਰ ਪਾਉਣ ਤੇ ਸਰਕਾਰ ਨੇ ਆਰਚਿਬਾਲਡ ਨੂੰ ਵਾਪਸ ਬੁਲਾ ਲਿਆ। ਉਨ੍ਹਾਂ ਨੇ ਲੂਈ ਰੀਲ ਦੇ ਘਰ ਤੇ ਛਾਪਾ ਮਾਰਿਆ ਪਰ ਉਹ ਉਸ ਸਮੇਂ ਬੋਨੀਫੇਸ ਵਿਖੇ ਸੀ। ਜਦੋਂ ਬਿਸ਼ਪ ਤਾਸ਼ੇ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਆਮ ਮੁਆਫ਼ੀ ਨਾ ਮਿਲੀ ਤਾਂ ਲੂਈ ਰੀਲ ਆਪਣੇ ਸਾਥੀ ਲੈਪੀਨ ਨਾਲ 23 ਫਰਵਰੀ, 1872 ਦੀ ਰਾਤ ਦੇ ਹਨੇਰੇ ਵਿਚ ਅਮਰੀਕੀ ਬਾਰਡਰ ਟੱਪ ਗਿਆ। ਓਂਟਾਰੀਓ ਸੂਬੇ ਦੇ ਨਵੇਂ ਬਣੇ ਪ੍ਰੀਮੀਅਰ ਐਡਵਰਡ ਬਲੇਕ ਨੇ ਉਨ੍ਹਾਂ ਦੋਵਾਂ ਦੇ ਫੜਨ ਲਈ 5000 ਡਾਲਰ ਦਾ ਇਨਾਮ ਐਲਾਨਿਆ। 1872 ਦੀਆਂ ਫੈਡਰਲ ਚੋਣਾਂ ਸਮੇਂ ਮੈਕਡੋਨਲਡ ਦੇ ਲਾਰੇ ਤੇ ਇੱਕ ਵਾਰ ਫੇਰ ਯਕੀਨ ਕਰ ਕੇ ਰੀਲ ਨੇ ਕਾਰਟੀਅਰ ਨੂੰ ਜਿਤਾ ਦਿੱਤਾ, ਪਰ ਉਹ ਇੱਕ ਸਾਲ ਬਾਦ ਗੁਰਦੇ ਦੀ ਬੀਮਾਰੀ ਨਾਲ ਮਰ ਗਿਆ। ਪ੍ਰੋਵਿੰਚਰ ਰਾਈਡਿੰਗ ਤੋਂ ਖਾਲੀ ਹੋਈ ਇਸ ਸੀਟ ਲਈ ਜ਼ਿਮਨੀ ਚੋਣ ਹੋਈ, ਜਿਸ ਵਿਚ ਲੂਈ ਰੀਲ ਭਾਰੀ ਫ਼ਰਕ ਨਾਲ ਜੇਤੂ ਰਿਹਾ। ਉਸ ਦੇ ਸਾਥੀ ਲੈਪੀਨ ਨੂੰ ਕਤਲ ਕੇਸ ਬਣਾ ਕੇ ਜੇਲ੍ਹ ਭੇਜ ਦਿੱਤਾ ਗਿਆ। 21 ਅਕਤੂਬਰ ਨੂੰ ਰੀਲ ਪਾਰਲੀਮੈਂਟ ਵਿਚ ਹਾਜ਼ਰ ਹੋਣ ਲਈ ਔਟਵਾ ਵੱਲ ਚੱਲ ਪਿਆ। 5 ਨਵੰਬਰ ਨੂੰ ਮੈਕਡਾਨਲਡ ਨੇ ਪੈਸਿਫਿਕ ਸਕੈਂਡਲ ਵਿਚ ਘਿਰਿਆ ਹੋਣ ਕਰ ਕੇ ਪਾਰਲੀਮੈਂਟ ਭੰਗ ਕਰਵਾ ਦਿੱਤੀ , ਟੋਰੀ ਸਰਕਾਰ ਦਾ ਭੋਗ ਪਾ ਕੇ ਨਵੀਆਂ ਚੋਣਾਂ ਦਾ ਬਿਗਲ ਵਜਾ ਦਿੱਤਾ। ਉਸ ਵੇਲੇ ਰੀਲ ਹਾਲੇ ਮੌਂਟਰੀਅਲ ਵਿਚ ਹੀ ਸੀ ਜਦੋਂ ਉਸ ਦੀ ਗ਼ੈਰਹਾਜ਼ਰੀ ਵਿਚ ਹੀ ਉਸ ਨੂੰ ਵੋਟਾਂ ਦੇ 195 – 68 ਦੇ ਫ਼ਰਕ ਨਾਲ ਤਕੜੀ ਜਿੱਤ ਪ੍ਰਾਪਤ ਹੋਈ ਤੇ ਉਹ ਲਗਾਤਾਰ ਦੂਜੀ ਵਾਰ ਪਾਰਲੀਮੈਂਟ ਮੈਂਬਰ ਚੁਣਿਆ ਗਿਆ। ਅਗਲੀ ਲਿਬਰਲ ਸਰਕਾਰ ਅਲੈਗਜ਼ੈਂਡਰ ਮਕੈਂਜ਼ੀ ਨੇ ਬਤੌਰ ਪ੍ਰਧਾਨ ਮੰਤਰੀ ਬਣਾਈ। 26 ਮਾਰਚ, 1874 ਨੂੰ ਲੂਈ ਰੀਲ ਪਾਰਲੀਮੈਂਟ ਅੰਦਰ ਦਾਖਲ ਹੋਇਆ, ਚੀਫ਼ ਕਲਰਕ ਦੇ ਦਫ਼ਤਰ ਵਿਚ ਗਿਆ,ਜਿੱਥੇ ਚੀਫ਼ ਕਲਰਕ ਅਲਫਰੈਡ ਪੈਟਰਿਕ ਨੇ ਉਸ ਨੂੰ ਮੈਂਬਰੀ ਦੀ ਸਹੁੰ ਚੁਕਾਈ। ਸਹੁੰ ਚੁਕਣ ਵੇਲੇ ਰੀਲ ਨੇ ਕਿਹਾ,▾▾ਮੈਂ ਸਹੁੰ ਖਾਂਦਾ ਹਾਂ ਕਿ ਮੈਂ ਮਲਿਕਾ ਵਿਕਟੋਰੀਆ ਪ੍ਰਤੀ ਵਫ਼ਾਦਾਰ ਰਹਾਂਗਾ ਅਤੇ ਸੱਚੀ ਨਿਸ਼ਚਾ ਦਾ ਪਾਲਣ ਕਰਾਂਗਾ।▾▾ਫਿਰ ਉਸ ਨੇ ਰਜਿਸਟਰ ਤੇ ਦਸਤਖ਼ਤ ਕੀਤੇ ਅਤੇ ਅੱਖ ਦੇ ਫੋਰ ਵਿਚ ਨੌਂ-ਦੋ-ਗਿਆਰਾਂ ਹੋ ਗਿਆ ਤਾਂ ਕਿ ਪਛਾਣ ਜ਼ਾਹਿਰ ਹੋਣ ਕਰ ਕੇ ਫੜਿਆ ਨਾ ਜਾ ਸਕੇ। ਪਾਰਲੀਮੈਂਟ ਅੰਦਰ ਆਮ ਮੁਆਫ਼ੀ ਵਾਲੇ ਦੋ ਮਤੇ ਪਾਸ ਨਾ ਹੋ ਸਕੇ। ਇੱਕ ਇਹ ਮਤਾ ਪਾਸ ਕੀਤਾ ਗਿਆ ਕਿ ਲੂਈ ਰੀਲ ਅਗਲੇ ਦਿਨ ਹਾਜ਼ਰ ਹੋਵੇ। ਇਹ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਚਾਲ ਸੀ। ਰੀਲ ਨਾ ਗਿਆ। ਇੱਕ ਮਤਾ ਪਾਸ ਕਰ ਕੇ ਉਸ ਨੂੰ ਪਾਰਲੀਮੈਂਟ ਦੀ ਮੈਂਬਰੀ ਤੋਂ ਬਰਖਾਸਤ ਕਰ ਦਿੱਤਾ। ਇਸ ਤਰ੍ਹਾਂ ਖਾਲੀ ਹੋਈ ਸੀਟ ਤੇ ਫੇਰ ਜ਼ਿਮਨੀ ਚੋਣ ਹੋਈ ਜਿਸ ਵਿਚ ਰੀਲ ਲਗਾਤਾਰ ਤੀਜੀ ਵਾਰ ਚੁਣ ਕੇ ਜੇਤੂ ਰਿਹਾ। ਲੈਪੀਨ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਮਕੈਂਜ਼ੀ ਨੇ ਹਾਊਸ ਆਫ ਕਾਮਨਜ਼ ਵਿਚ 12 ਫ਼ਰਵਰੀ, 1875 ਨੂੰ ਰੀਲ ਤੇ ਲੈਪੀਨ ਤੋਂ ਬਿਨਾ ਸਾਰੇ ਵਿਦਰੋਹੀਆਂ ਲਈ ਆਮ ਮੁਆਫ਼ੀ ਦਾ ਮਤਾ ਲਿਆਂਦਾ। ਲੈਪੀਨ ਦੀ ਸਜ਼ਾ ਘਟਾ ਕੇ ਦੋ ਸਾਲ ਜੇਲ੍ਹ ਵਿਚ ਤਬਦੀਲ ਕੀਤੀ ਗਈ। ਰੀਲ ਨੂੰ ਇੱਕ ਵਾਰ ਫੇਰ ਪਾਰਲੀਮੈਂਟ ਤੋਂ ਬਰਖਾਸਤ ਕੀਤਾ ਗਿਆ ਅਤੇ ਪੰਜ ਸਾਲ ਲਈ ਬਰਤਾਨਵੀ ਸ਼ਾਸਤ ਖੇਤਰ ਤੋਂ ਬਨਵਾਸ ਦਿੱਤਾ ਗਿਆ। ਇਹ ਮਤਾ 126 – 50 ਵੋਟਾਂ ਨਾਲ ਪਾਸ ਹੋਇਆ।

ਇਉਂ ਰੀਲ ਨੇ ਭਲੀ-ਭਾਂਤ ਸਾਬਤ ਕਰ ਦਿੱਤਾ ਕਿ ਉਹ ਸਿਆਸਤ ਵਿਚ ਵਿਲੱਖਣ ਪ੍ਰਤਿਭਾ ਦਾ ਮਾਲਕ ਹੈ। ਉਹ ਇੱਕ ਕ੍ਰਿਸ਼ਮਈ ਸ਼ਖ਼ਸੀਅਤ, ਬੁੱਧੀਮਾਨ, ਪ੍ਰਭਾਵਸ਼ਾਲੀ ਬੁਲਾਰਾ ਅਤੇ ਵਾਰਤਾਲਾਪ ਕਰਨ ਵਿਚ ਅਦੁਤੀ ਕੁਦਰਤੀ ਪਰਵੀਨਤਾ ਰੱਖਣ ਵਾਲਾ ਸੁਯੋਗ ਆਗੂ ਸੀ। ਉਸ ਅੰਦਰ ਵਿਵਾਦ ਨੂੰ ਸਹਿਮਤੀ ਵਿਚ ਬਦਲਣ ਦੀ ਲੋਹੜੇ ਦੀ ਕਾਬਲੀਅਤ ਸੀ। ਆਪਣੀ ਧਰਤੀ ਅਤੇ ਆਪਣੇ ਲੋਕਾਂ ਕੋਲੋਂ ਵਿਛੋੜੇ ਦਾ ਵਿਚਾਰ ਆਉਂਦਿਆਂ ਹੀ ਉਹ ਗਹਿਰੇ ਸਦਮੇ ਵਿਚ ਚਲਾ ਗਿਆ। ਅੰਤਾਂ ਦੀ ਬੇ-ਬਸੀ ਤੇ ਪ੍ਰੇਸ਼ਾਨੀ ਦੀ ਹਾਲਤ ਵਿਚ ਰੀਲ ਅਮਰੀਕਾ ਚਲਾ ਗਿਆ। ਉੱਥੇ ਉਸ ਨੇ ਅਮਰੀਕੀ ਰਾਸ਼ਟਰਪਤੀ ਅਤੇ ਅਧਿਕਾਰੀਆਂ ਤੋਂ ਆਪਣੇ ਮੈਨੀਟੋਬਾ ਅਤੇ ਨਾਰਥ-ਵੈਸਟ ਟੈਰੀਟਰੀਜ਼ ( ਹੁਣ ਸਸਕੈਚਵਨ ) ਵਿਚਲੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਮਦਦ ਮੰਗੀ ਪਰ ਸਾਰਥਕ ਹੁੰਗਾਰਾ ਨਾ ਮਿਲਿਆ। ਉਹ ਨੀਮ ਪਾਗਲਾਂ ਵਾਲੀ ਹਾਲਤ ਵਿਚ ਵਿਚਰਨ ਲੱਗਿਆ। ਇਸ ਅਜੀਬ ਜਿਹੀ ਅਧਿਆਤਮਕ ਪਾਗਲਪਨ ਦੀ ਹਾਲਤ ਵਿੱਚੋਂ ਕੱਢਣ ਲਈ ਉਸ ਦਾ ਮੌਂਟਰੀਅਲ ਅਤੇ ਹੋਰ ਥਾਵਾਂ ਤੇ ਪਾਗਲਖਾਨੇ ਤੇ ਮਨੋਵਿਗਿਆਨਕ ਹਸਪਤਾਲਾਂ ਅੰਦਰ ਇਲਾਜ ਕਰਵਾਇਆ ਗਿਆ, ਜੋ 6 ਮਾਰਚ, 1876 ਤੋਂ ਲੈ ਕੇ ਲਗਭਗ ਦੋ ਸਾਲ ਤੱਕ ਚਲਦਾ ਰਿਹਾ। 29 ਜਨਵਰੀ, 1878 ਨੂੰ ਲੂਈ ਰੀਲ ਬਿਊਪੋਰਟ ਦੇ ਹਸਪਤਾਲ ਤੋਂ ਛੁੱਟੀ (ਡਿਸਚਾਰਜ ) ਹੋ ਕੇ ਫੇਰ ਅਮਰੀਕਾ ਚਲਾ ਗਿਆ। 1879 ਦੀਆਂ ਗਰਮੀਆਂ ਦੌਰਾਨ ਰੀਲ ਮੌਂਟਾਨਾ ਵਿਚ ਇੱਕ ਮੈਟੀਸ ਆਬਾਦੀ ਵਿਚ ਟਿਕ ਗਿਆ। ਇਹ ਫਰੈਂਚਮੈਨ ਰਿਵਰ ਦੇ ਐਨ ਦੱਖਣ ਵਿਚ ਬੀਵਰ ਕਰੀਕ ਦੇ ਨੇੜੇ ਸੀ। ਇੱਥੇ ਰਹਿੰਦਿਆਂ ਉਸ ਨੇ 28 ਅਪ੍ਰੈਲ, 1881 ਨੂੰ ਮਾਰਗੁਰੀਟ ਮੋਨੇਅ ਨਾਲ ਸ਼ਾਦੀ ਕਰਵਾ ਲਈ। ਮਈ, 1882 ਵਿਚ ਮਾਰਗੁਰੀਟ ਨੇ ਪਹਿਲੇ ਬੱਚੇ ਨੂੰ ਜਨਮ ਦਿੱਤਾ ਜਿਸ ਦਾ ਨਾਂ ਜੀਨ ( ਦਾਦੇ ਦੇ ਨਾਂ ਤੇ ) ਰੱਖਿਆ। ਲੂਈ ਰੀਲ ਇਸ ਦੌਰਾਨ 1883 ਵਿਚ ਵਿੱਨੀਪੈੱਗ ਵਿਖੇ ਆਪਣੀ ਭੈਣ ਹੈਨਰੀਟ ਦੀ ਸ਼ਾਦੀ ਵਿਚ ਸ਼ਾਮਲ ਹੋ ਆਇਆ। 1883 ਵਿਚ ਉਹ ਅਮਰੀਕਾ ਦਾ ਸ਼ਹਿਰੀ ( ਸਿਟੀਜ਼ਨ ) ਬਣ ਗਿਆ। ਸਤੰਬਰ, 1883 ਵਿਚ ਉਨ੍ਹਾਂ ਦੇ ਘਰ ਇੱਕ ਬੱਚੀ ਨੇ ਜਨਮ ਲਿਆ ਜਿਸ ਦਾ ਨਾਂ ਮੇਰੀ ਐਂਜਲੀਕ ਰੱਖਿਆ।

ਇਸ ਤੋਂ ਮਗਰੋਂ ਲੂਈ ਰੀਲ ਦੇ ਜੀਵਨ ਦਾ ਵਿਦਰੋਹੀ ਅਤੇ ਲੋਕ-ਨਾਇਕ ਦੇ ਰੂਪ ਵਿਚ ਦੂਜਾ ਪੜਾਅ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਉਹ ਸ਼ਾਂਤਮਈ ਪਰਿਵਾਰਕ ਜੀਵਨ ਬਿਤਾ ਰਿਹਾ ਸੀ। ਉਹ ਸਥਾਨਕ ਸੇਂਟ ਪੀਟਰਜ਼ ਚਰਚ ਵਿਚ ਵਾਲੰਟੀਅਰ ਵਜੋਂ ਸੇਵਾਵਾਂ ਨਿਭਾਅ ਰਿਹਾ ਸੀ। ਕਹਿੰਦੇ ਨੇ ਸ਼ੱਕਰ-ਖੋਰੇ ਨੂੰ ਰੱਬ ਸ਼ੱਕਰ ਦਿੰਦਾ ਹੈ। ਕਵੀਸ਼ਰ ਪੰਡਤ ਲਾਲ ਚੰਦ ਨੇ ਕੌਲਾਂ ਦੇ ਕਿੱਸੇ ਵਿਚ ਲਿਖਿਆ ਹੈ – ਕਹੇ ਲਾਲ ਛੁਪਾਏ ਨਹੀਂ ਛੁਪਦੇ, ਬੇਸ਼ੱਕ ਹੋ ਭੇਸ ਮਲੰਗਾਂ ਕੇ। ਇੱਕ ਦਿਨ ਜਦੋਂ ਲੂਈ ਰੀਲ ਚਰਚ ਵਿਖੇ ਸੰਗਤ ਦੇ ਸਮੇਂ ਵਾਲੰਟੀਅਰ ਦੀਆਂ ਸੇਵਾਵਾਂ ਵਿਚ ਮਗਨ ਸੀ ਤਾਂ ਉਸ ਨੂੰ ਇੱਕ ਸੁਨੇਹਾ ਮਿਲਿਆ ਕਿ ਬਾਹਰ ਚਾਰ ਜਣੇ ਉਸ ਨੂੰ ਮਿਲਣ ਆਏ ਹਨ। ਇਹ ਸਨ – ਗੇਬਰਿਊਲ ਡੂਮਾਂਟ ਅਤੇ ਉਸ ਦੇ ਤਿੰਨ ਸਾਥੀ ਜੋ ਦੱਖਣੀ ਸਸਕੈਚਵਨ ਰਿਵਰ ਦੇ ਸੇਂਟ ਲਾਰੈਂਸ ਇਲਾਕੇ ਦੇ ਮੈਟੀਸ ਲੋਕਾਂ ਦੇ ਨੁਮਾਇੰਦੇ ਬਣ ਕੇ ਆਏ ਸਨ। ਕੰਮ ਤੋਂ ਵਿਹਲਾ ਹੋ ਕੇ ਲੂਈ ਰੀਲ ਉਨ੍ਹਾਂ ਨੂੰ ਬਾਹਰ ਆ ਕੇ ਮਿਲਿਆ। ਉਸ ਨੂੰ ਡੂਮਾਂਟ ਨੇ ਉਨ੍ਹਾਂ ਦੇ ਆਉਣ ਦਾ ਮਕਸਦ ਦੱਸਿਆ। ਸਸਕੈਚਵਨ ਇਲਾਕੇ ਦੇ ਮੈਟੀਸ ( ਇਸ ਫਰੈਂਚ ਸ਼ਬਦ ਦਾ ਫਰੈਂਚ ਵਿਚ ਉਚਾਰਨ ਮੇਟੀ ਹੈ ਪਰ ਆਮ ਉਚਾਰਨ ਮੈਟੀਸ ਵੀ ਕੀਤਾ ਜਾਂਦਾ ਹੈ ) ਲੋਕਾਂ ਦੀ ਦੁਰਦਸ਼ਾ ਬਾਰੇ ਦੱਸਿਆ ਤੇ ਬੇਨਤੀ ਕੀਤੀ ਕਿ ਲੂਈ ਰੀਲ ਉਨ੍ਹਾਂ ਦੇ ਜ਼ਮੀਨੀ ਅਤੇ ਦੂਸਰੇ ਹੱਕਾਂ ਦੀ ਰਾਖੀ ਲਈ ਉਨ੍ਹਾਂ ਦੀ ਅਗਵਾਈ ਕਰੇ। ਰੀਲ ਨੇ ਇੱਕ ਰਾਤ ਸੋਚਣ ਦਾ ਸਮਾਂ ਮੰਗਿਆ। ਅਗਲੇ ਦਿਨ 5 ਜੂਨ ਨੂੰ ਰੀਲ ਨੇ ਡੂਮਾਂਟ ਨੂੰ ਕਿਹਾ – ਮੈਂ ਪੰਦਰਾਂ ਸਾਲ ਪਹਿਲਾਂ ਆਪਣੇ ਵਤਨ ਨੂੰ ਆਪਣਾ ਦਿਲ ਅਰਪਣ ਕੀਤਾ ਸੀ, ਹੁਣ ਫੇਰ ਦਿਲ ਦੇਣ ਨੂੰ ਤਿਆਰ ਹਾਂ। ਦਸ ਜੂਨ ਨੂੰ ਰੀਲ, ਮਾਰਗੁਰੀਟ ਅਤੇ ਉਨ੍ਹਾਂ ਦੇ ਦੋਵਾਂ ਬੱਚਿਆਂ ਨੇ ਆਪਣਾ ਲਕਾ-ਤੁਕਾ ਬੰਨ੍ਹਿਆਂ, ਗੱਡੇ ਵਿਚ ਲੱਦਿਆ ਤੇ ਉੱਤਰ ਦਿਸ਼ਾ ਵੱਲ ਕੈਨੇਡਾ ਨੂੰ ਚਾਲੇ ਪਾ ਦਿੱਤੇ। ਨਾਲ ਸਨ ਡੂਮਾਂਟ ਤੇ ਉਸ ਦੇ ਤਿੰਨੇ ਸਾਥੀ। ਦੱਖਣੀ ਸਸਕੈਚਵਨ ਰਿਵਰ ਦੇ ਕਾਟਿਊ ਪਰਿਵਾਰ ਦੀ ਆਬਾਦੀ ਫਿਸ਼ ਕਰੀਕ ਵਿਖੇ ਸੱਠ ਗੱਡੀਆਂ ਵਿਚ ਖਚਾ ਖਚ ਸਵਾਰ ਆਦਮੀ, ਔਰਤਾਂ ਤੇ ਬੱਚਿਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ।

8 ਜੁਲਾਈ ਨੂੰ ਰੀਲ ਨੇ ਪਹਿਲੇ ਸੰਬੋਧਨ ਵਿਚ ਮੈਟੀਸ ਲੋਕਾਂ ਦੀ ਏਕਤਾ ਤੇ ਜ਼ੋਰ ਦਿੱਤਾ। ਰੀਲ ਨੂੰ ਪਤਾ ਲੱਗਿਆ ਕਿਵੇਂ ਉਨ੍ਹਾਂ ਲੋਕਾਂ ਨੂੰ ਫਿਰੰਗੀ ਆਬਾਦਕਾਰਾਂ ਦੁਆਰਾ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਕੇ ਪਰ੍ਹੇ ਧੱਕਿਆ ਜਾ ਰਿਹਾ ਸੀ, ਕਿਵੇਂ ਸੋਕੇ ਅਤੇ ਅਗੇਤੀ ਕੋਰਾ-ਬਰਫ਼ਬਾਰੀ ਕਾਰਨ ਫਸਲਾਂ ਮਾਰੀਆਂ ਗਈਆਂ ਸਨ, ਕਿਵੇਂ ਮੱਝਾਂ ਗ਼ਾਇਬ ਹੋ ਚੁੱਕੀਆਂ ਸਨ। ਨਵੇਂ ਆਬਾਦਕਾਰਾਂ ਨੂੰ ਵਧੀਆ ਮਨ-ਚਾਹੀਆਂ ਉਪਜਾਊ ਜ਼ਮੀਨਾਂ ਅਲਾਟ ਕੀਤੀਆਂ ਜਾ ਰਹੀਆਂ ਸਨ ਤੇ ਮੈਟੀਸ ਲੋਕਾਂ ਨੂੰ ਪੱਛਮ ਵੱਲ ਬੰਜਰ ਪਥਰੀਲੀਆਂ ਜ਼ਮਾਨਾਂ ਵੱਲ ਧੱਕਿਆ ਜਾ ਰਿਹਾ ਸੀ। ਹਾਲਾਤ ਦਾ ਟਾਕਰਾ ਕਰਨ ਲਈ ਰੀਲ ਨੇ ਪਹਿਲਾਂ ਮੈਟੀਸ, ਅੰਗ੍ਰੇਜ਼ ਬੇਰੜੇ ਅਤੇ ਮੂਲ ਨਿਵਾਸੀਆਂ ਨੂੰ ਇਕੱਠੇ ਕਰਨ ਦਾ ਬੀੜਾ ਚੁੱਕਿਆ। 19 ਜੁਲਾਈ ਨੂੰ ਨਕਾ-ਨਕ ਭਰੇ ਪ੍ਰਿੰਸ ਅਲਬਰਟ ਹਾਲ ਅੰਦਰ ਜੁੜੇ ਮਿਲੇ-ਜੁਲੇ 500 ਲੋਕਾਂ ਨੂੰ ਫੇਰ ਏਕਤਾ ਕਾਇਮ ਕਰਨ ਅਤੇ ਸ਼ਾਂਤਮਈ ਤਰੀਕੇ ਅਪਨਾਉਣ ਲਈ ਪ੍ਰੇਰਿਆ। ਉਸ ਨੇ ਕਿਹਾ – ਇੱਕ ਜ਼ਿੰਮੇਵਾਰ ਸਰਕਾਰ ਦੀ ਕਾਇਮੀ ਲਈ ਮੰਗ ਕਰਨ ਵਾਸਤੇ ਸਾਨੂੰ ਸਾਰਿਆਂ ਨੂੰ ਸ਼ਾਂਤਮਈ ਤਰੀਕੇ ਨਾਲ ਇੱਕ-ਜੁੱਟ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ( ਕੈਨੇਡਾ ਸਰਕਾਰ ) ਨੂੰ ਆਪਣੀ ਗੱਲ ਸਮਝਾਈਏ ਤੇ ਅਮਲ ਕਰਨ ਦਾ ਮੌਕਾ ਦੇਈਏ। ਅਸੀਂ ਇਹੋ ਚਾਹੁੰਦੇ ਹਾਂ। ਇਹੋ ਕੁਛ ਪ੍ਰਾਪਤ ਕਰਨ ਵਾਸਤੇ ਮੈਂ ਏਥੇ ਆਇਆ ਹਾਂ। ਇਸ ਉਪ੍ਰੰਤ ਸਾਰੇ ਇੱਕ ਕੇਂਦਰੀ ਕਮੇਟੀ ਬਨਾਉਣ ਵਾਸਤੇ ਸਹਿਮਤ ਹੋ ਗਏ, ਜਿਹੜੀ ਔਟਵਾ ਨੂੰ ਭੇਜੀ ਜਾਣ ਵਾਲੀ ਸ਼ਿਕਵਿਆਂ ਤੇ ਮੰਗਾਂ ਦੀ ਪਟੀਸ਼ਨ ਤਿਆਰ ਕਰਨ ਦੀ ਨਜ਼ਰਸਾਨੀ ਕਰੇਗੀ। ਇਸ ਦੇ ਪ੍ਰਮੁੱਖ ਮੈਂਬਰ ਖ਼ੁਦ ਰੀਲ ਅਤੇ ਫਾਰਮਰਜ਼ ਯੂਨੀਅਨ ਦਾ ਵਿਲੀਅਮ ਜੈਕਸਨ ਸਨ। 16 ਦਸੰਬਰ ਨੂੰ ਕਮੇਟੀ ਨੇ ਪਟੀਸ਼ਨ ਨੂੰ ਅੰਤਮ ਰੂਪ ਦੇ ਕੇ ਸਟੇਟ ਸੈਕਟਰੀ ਜੋਜ਼ਫ਼ ਅਡੋਲਫ ਚੈਪਲਿਊ ਨੂੰ ਔਟਵਾ ਭੇਜ ਦਿੱਤੀ। ਇਸ ਪਟੀਸ਼ਨ ਰਾਹੀਂ ਮੰਗ ਕੀਤੀ ਗਈ ਕਿ ਔਟਵਾ ਦੁਆਰਾ ਨਿਯੁਕਤ ਕੀਤੀ ਨਾਰਥ-ਵੈਸਟ ਕੌਂਸਲ ਭੰਗ ਕਰ ਕੇ ਜ਼ਿੰਮੇਵਾਰ ਸਥਾਨਕ ਸਰਕਾਰ ਕਾਇਮ ਕੀਤੀ ਜਾਵੇ, ਪਾਰਲੀਮੈਂਟ ਅੰਦਰ ਸਥਾਨਕ ਲੋਕਾਂ ਨੂੰ ਬਣਦੀ ਯੋਗ ਨੁਮਾਇੰਦਗੀ ਦਿੱਤੀ ਜਾਵੇ, ਡੂਮਾਂਟ ਤੇ ਉਸ ਦੇ ਲੋਕਾਂ ਨੂੰ ਹੱਕ ਮੁਤਾਬਕ ਜ਼ਮੀਨ ਦਿੱਤੀ ਜਾਵੇ, ਮੈਟੀਸ ਨੂੰ ਮੂਲ ਨਿਵਾਸੀ ਮੰਨਿਆਂ ਜਾਵੇ, ਉਨ੍ਹਾਂ ਦੁਆਰਾ ਕਾਬਜ਼ ਜ਼ਮੀਨਾਂ ਤੇ ਉਨ੍ਹਾਂ ਦਾ ਹੱਕ ਤਸਲੀਮ ਕੀਤਾ ਜਾਵੇ, ਮੂਲ ਨਿਵਾਸੀਆਂ ਨਾਲ ਕੀਤੀਆਂ ਸੰਧੀਆਂ ਵਿਚ ਕੀਤੇ ਵਾਅਦਿਆਂ ਦੀ ਪਾਲਣਾ ਕੀਤੀ ਜਾਵੇ, ਆਦਿ। ਇਨ੍ਹਾਂ ਵਾਜਬ ਹੱਕੀ ਮੰਗਾਂ ਮੰਨਣ ਵਿਚ ਸਰਕਾਰ ਨੂੰ ਕੋਈ ਹਰਜ਼ ਨਹੀਂ ਹੋਣਾ ਚਾਹੀਦਾ ਸੀ। ਪਰ ਧੱਕੇਸ਼ਾਹ ਬਸਤੀਵਾਦੀ ਅਨਿਆਂਈਂ ਸਰਕਾਰ ਦੇ ਇਰਾਦੇ ਸ਼ੁਰੂ ਤੋਂ ਹੀ ਸਾਫ਼ ਨਹੀਂ ਸਨ। 8 ਫ਼ਰਵਰੀ, 1885 ਨੂੰ ਚਾਰਲਸ ਨੋਲਿਨ ਨੂੰ ਲੈਫ਼ਟੀਨੈਂਟ ਗਵਰਨਰ ਐਡਗਰ ਡਿਉਡਨੀ ਦੀ ਤਾਰ ਮਿਲੀ । ਉਨ੍ਹਾਂ ਦੀ ਕੋਈ ਵੀ ਮੰਗ ਨਹੀਂ ਮੰਨੀ ਗਈ ਸੀ। ਡੂਮਾਂਟ ਦਾ ਸਬਰ ਟੁੱਟ ਗਿਆ। ਉਸ ਨੇ ਰੋਹ ਵਿਚ ਆ ਕੇ ਕਿਹਾ,▾▾ਸ਼ਬਦ ਕੰਮ ਨਹੀਂ ਆਏ, ਹੁਣ ਮੇਰਾ ਤਰੀਕਾ ਅਜ਼ਮਾ ਕੇ ਦੇਖਾਂਗੇ।▾▾ ਪਹਿਲੀ ਮਾਰਚ ਵਾਲੇ ਦਿਨ ਰੀਲ ਨੇ ਸੇਂਟ ਲਾਰੈਂਟ ਡੀ ਗਰੈਂਡਿਨ ਚਰਚ ਦੀਆਂ ਪੌੜੀਆਂ ਤੇ ਖੜੋ ਕੇ ਸੰਗਤ ਨੂੰ ਸੰਬੋਧਨ ਕਰਦਿਆਂ ਸਪਸ਼ਟ ਸ਼ਬਦਾਂ ਵਿਚ ਕਿਹਾ,▾▾ਜੇ ਔਟਵਾ ਤਪਕ ਨੂੰ ਨਹੀਂ ਸੁਣਦਾ, ਤਾਂ ਸ਼ਾਇਦ ਸਮਾਂ ਆ ਗਿਆ ਹੈ ਕਿ ਮੈਟੀਸ ਆਪਣੇ ਦੰਦ ਕਚੀਚ ਲੈਣ।▾▾ ਲੋਕਾਂ ਦੇ ਗਰਜਵੇਂ ਜੈਕਾਰਿਆਂ ਦੀ ਗੂੰਜ ਵਿਚ ਨਾਰਥ-ਵੈਸਟ ਵਿਦਰੋਹ ਦੀ ਜਵਾਲਾ ਪ੍ਰਚੰਡ ਹੋ ਗਈ।

( ਚਲਦਾ )

# ਲਾਵਾਰਸ ਹਰੀਕਿਸ਼ਨ ਨੂੰ ਆਖਰੀ ਕਸ਼ਟਮਈ ਘੜੀਆਂ 'ਚ ਸਰਾਭਾ ਆਸ਼ਰਮ ਨੇ ਸੰਭਾਲਿਆ

ਮੰਗਤਿਆਂ ਵੱਲੋਂ ਅਕਸਰ ਗਾਈਆਂ ਜਾਂਦੀਆਂ ਇਹ ਪੰਕਤੀਆਂ ਉਮੇਰਾ ਕੋਈ ਨਹੀਂ ਹੈ ਜੀ, ਮੇਰਾ ਸਤਿਗੁਰ ਪਿਆਰਾ ਜੀ" ਜ਼ਿੰਦਗੀ ਦੀਆਂ ਆਖਰੀ ਕਸ਼ਟਦਾਇਕ ਘੜੀਆਂ ਗੁਜ਼ਾਰ ਰਹੇ ਇਸ ਬੇਘਰ-ਬੇਸਹਾਰਾ ਅਤੀ ਦੁਖੀ ਮਰੀਜ਼ ਹਰੀਕਿਸ਼ਨ ਉੱਤੇ ਪੂਰੀ ਤਰ੍ਹਾਂ ਢੁੱਕਦੀਆਂ ਹਨ। ਨਾਗਾਲੈਂਡ ਸੂਬੇ ਦੇ ਜ਼ਿਲ੍ਹਾ ਦੀਮਾਪੁਰ 'ਚ ਪੈਂਦੇ ਪਿੰਡ ਨੂਤਨ ਬਸਤੀ 'ਚ ਜਨਮੇ ਹਰੀਕਿਸ਼ਨ ਨੂੰ ਇਸ ਦਾ ਪਿਤਾ ਗੋਪਾਲ ਸਿੰਘ ਰਾਜਸਥਾਨ ਵਿੱਚ ਕੰਮ ਕਰਨ ਸਮੇਂ ਨਾਲ ਹੀ ਲਿਅਇਆ ਸੀ। ਰਾਜਸਥਾਨ ਵਿੱਚ ਰਹਿੰਦਿਆਂ ਇੱਕ ਦਿਨ ਇਸ ਦਾ ਪਿਤਾ ਇਸ ਨੂੰ ਇੱਕ ਸਿੱਖ ਵਿਅਕਤੀ ਦੀ ਦੁਕਾਨ ਤੇ ਛੱਡ ਕੇ ਸਦਾ ਲਈ ਅਲੋਪ ਹੋ ਗਿਆ। ਹਰੀਕਿਸ਼ਨ ਉਸ ਸਮੇਂ ਸੱਤ ਕੁ ਸਾਲਾਂ ਦਾ ਸੀ । ਬਚਪਨ 'ਚ ਇਸ ਨੇ ਉਸ ਸਿੱਖ ਵਿਅਕਤੀ ਦੀ ਦੁਕਾਨ ਤੇ ਸਾਫ-ਸਫਾਈ ਦਾ ਕੰਮ ਕੀਤਾ ਅਤੇ ਵੱਡਾ ਹੋ ਕੇ ਮਿਸਤ੍ਰੀਆਂ ਨਾਲ ਮਜ਼ਦੂਰੀ ਕਰਨ ਲੱਗ ਪਿਆ।

ਕੁੱਝ ਹਫਤੇ ਪਹਿਲਾਂ ਪੰਜਾਬ ਦੇ ਫਿਲੌਰ ਕਸਬੇ 'ਚ ਮਕਾਨ ਦੀ ਉਸਾਰੀ ਦਾ ਕੰਮ ਕਰਦੇ ਸਮੇਂ ਕਾਫ਼ੀ ਉਚਾਈ ਤੋਂ ਡਿੱਗ ਪਿਆ ਜਿਸ ਨਾਲ ਇਸ ਦੀ ਰੀੜ੍ਹ ਦੀ ਹੱਡੀ ਕਈ ਜਗ੍ਹਾ ਤੋਂ ਟੁੱਟ ਗਈ। ਲੁਧਿਆਣਾ ਦੀ ਏਕ ਨੂਰ ਸੰਸਥਾ ਵੱਲੋਂ ਸਿਵਲ ਹਸਪਤਾਲ ਲੁਧਿਆਣਾ ਰਾਹੀਂ ਇਸ ਨੂੰ ਪੀ.ਜੀ.ਆਈ. ਚੰਡੀਗੜ੍ਹ ਭੇਜਿਆ ਗਿਆ । ਪੀ.ਜੀ.ਆਈ. ਵਿੱਚੋਂ ਇਲਾਜ ਉਪਰੰਤ ਕੁੱਝ ਦਿਨ ਪਹਿਲਾਂ ਇਸ ਨੂੰ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਭੇਜ ਦਿੱਤਾ ਗਿਆ ਹੈ। ਇਹ ਸਿਰਫ਼ ਸਿਰ ਹੀ ਹਿਲਾ ਸਕਦਾ ਹੈ ਬਾਕੀ ਸਰੀਰ ਦਾ ਕੋਈ ਵੀ ਅੰਗ ਨਹੀਂ ਹਿਲਾ ਸਕਦਾ। ਮਲ-ਮੂਤਰ ਕੱਪੜਿਆਂ ਵਿੱਚ ਹੀ ਕਰਦਾ ਹੈ । ਆਸ਼ਰਮ ਦੇ ਸੇਵਾਦਾਰ ਹੀ ਚਮਚੇ ਨਾਲ ਇਸ ਦੇ ਮੂੰਹ 'ਚ ਭੋਜਨ ਆਦਿ ਪਾਉਂਦੇ ਹਨ। ਇਸ ਦਾ ਕੋਈ ਪਰਿਵਾਰ ਜਾਂ ਘਰ-ਬਾਰ ਨਹੀਂ ਹੈ।

ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਅਪਾਹਜ, ਨੇਤਰਹੀਣ, ਦਿਮਾਗੀ ਸੰਤੁਲਨ ਗੁਆ ਚੁੱਕੇ, ਅਧਰੰਗ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ. ਆਦਿ ਨਾਲ ਪੀੜਤ ਮਰੀਜ਼ ਰਹਿੰਦੇ ਹਨ । ਇਹਨਾਂ ਲਾਵਾਰਸ ਮਰੀਜ਼ਾਂ ਦੀ ਸੇਵਾ-ਸੰਭਾਲ ਮੁਫ਼ਤ ਕੀਤੀ ਜਾਂਦੀ ਹੈ। ਆਸ਼ਰਮ ਦਾ ਲੱਖਾਂ ਰੁਪਏ ਮਹੀਨੇ ਦਾ ਖ਼ਰਚਾ ਸੰਗਤਾਂ ਦੇ ਸਹਿਯੋਗ ਨਾਲ ਹੀ ਚਲਦਾ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਇੰਡੀਆ 'ਚ (ਮੋਬਾ); 95018-42505 ਜਾਂ 95018-42506 'ਤੇ ਸੰਪਰਕ ਕੀਤਾ ਜਾ ਸਕਦਾ ਹੈ।




ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



## ਫਿਲਮ ਨਗਰੀ ਦੀਆਂ ਪੁਰਾਣੀਆਂ ਯਾਦਾਂ

# ਕੇ ਆਸਿਫ਼ ਤੇ ਮੁਗਲੇ ਆਜ਼ਮ



ਤਰਸੇਮ ਬਸ਼ਰ

ਕੇ ਆਸਿਫ਼ ਦੀਆਂ ਦੋ ਹੀ ਫ਼ਿਲਮਾਂ ਦੇਖਣ ਨੂੰ ਮਿਲਦੀਆਂ ਹਨ ➜ ਪਹਿਲੀ ਫੂਲ ਤੇ ਆਖਰੀ ਮੁਗਲ ਏ ਆਜ਼ਮ । ਮੁਗਲੇ ਆਜ਼ਮ ਭਾਰਤ ਦੀ ਸਭ ਤੋਂ ਵੱਡੀ ਫ਼ਿਲਮ ਕਹੀ ਜਾਂਦੀ ਰਹੀ ਹੈ ..ਇਸ ਫ਼ਿਲਮ ਨੇ ਪੰਜ ਦਹਾਕੇ ਪਹਿਲਾਂ ਸੌ ਕਰੋੜ ਰੁਪਿਆ ਕਮਾਇਆ ਸੀ । ਇਹ ਫਿਲਮ ਚੌਦਾਂ ਸਾਲਾਂ ਵਿਚ ਬਨੀ ...ਇਕ ਲੰਮਾ ਵਕਫ਼ਾ ਜਿਸ ਦੌਰਾਨ ਤਕਨੀਕ ਬਦਲ ਗਈ ਅਭਿਨੇਤਾ ਅਭਿਨੇਤਰੀਆਂ ਦੇ ਚਿਹਰੇ ਬਦਲ ਗਏ ..ਹਾਲਾਤ ਬਦਲ ਗਏ ..ਪਰ ਕੇ ਆਸਿਫ਼ ਆਪਣਾ ਸੁਪਨਾ ਪੂਰਾ ਕਰਨ ਲਈ ਹਰ ਕੀਮਤ ਤਾਰਨ ਨੂੰ ਤਿਆਰ ਸਨ । ਇਸ ਸ਼ਾਨਦਾਰ ਫ਼ਿਲਮ ਤੇ ਉਸ ਜ਼ਮਾਨੇ ਦੇ ਇਕ ਕਰੋੜ ਤੋਂ ਉੱਪਰ ਵੱਧ ਰੁਪਏ ਲੱਗੇ । ਇਸ ਫ਼ਿਲਮ ਦੇ ਬੜੇ ਕਿੱਸੇ ਮਸ਼ਹੂਰ ਹੋਏ ।

ਇਕ ਕਿੱਸਾ ਬੜੇ ਗ਼ੁਲਾਮ ਅਲੀ ਖ਼ਾਨ ਸਾਹਿਬ ਦੇ ਬਾਰੇ ਵੀ ਹੈ ।ਕੇ ਆਸਿਫ਼ ਮੁਗਲਈ ਸਮੇਂ ਦਾ ਸੰਗੀਤ ਚਾਹੁੰਦੇ ਸਨ ..ਮੌਲਿਕ ਮਹਿਸੂਸੀਅਤ ।ਉਨ੍ਹਾਂ ਨੇ ਨੌਸ਼ਾਦ ਨਾਲ ਸੰਪਰਕ ਕੀਤਾ...ਉਨ੍ਹਾਂ ਅਨੁਸਾਰ ਨੌਸ਼ਾਦ ਉਸ ਪਿੱਠਭੂਮੀ ਦੇ ਨੇੜੇ ? ਤੋਂ ਵਾਕਫ਼ ਸਨ ਜਿਸ ਤੇ ਆਧਾਰਤ ਇਹ ਸੁਪਨਾ ਬੁਣਿਆ ਜਾ ਰਿਹਾ ਹੈ । ਨੌਸ਼ਾਦ ਸਾਹਿਬ ਨੂੰ ਉਨ੍ਹਾਂ ਦਾ ਢੰਗ ਚੰਗਾ ਨਹੀਂ ਲੱਗਿਆ ਕਿਉਂਕਿ ਕੇ ਆਸਿਫ ਨੇ ਕਿਹਾ ਸੀ ਕਿ ਜਿੰਨੇ ਪੈਸੇ ਚਾਹੀਦੇ ਹਨ ਲੈ ਲਵੋ ਪਰ ਮੈਨੂੰ ਉਸ ਸਮੇਂ ਦਾ ਸੰਗੀਤ ਰਸ ਚਾਹੀਦਾ ਹੈ ।ਪਹਿਲਾਂ ਤੋਂ ਨੌਸ਼ਾਦ ਸਾਹਿਬ ਨਾਰਾਜ਼ ਹੋ ਗਏ ਪਰ ਬਾਅਦ ਵਿਚ ਕੇ ਐਸ ਐਫ ਨੇ ਦੱਸਿਆ ਕਿ ਇਹ ਫਿਲਮ ਉਨ੍ਹਾਂ ਦੀ ਜ਼ਿੰਦਗੀ ਦਾ ਸੁਪਨਾ ਹੈ ..ਮੇਰੀ ਮਦਦ ਕਰੋ ।ਨੌਸ਼ਾਦ ਸਾਹਬ ਮੰਨ ਗਏ ਪਰ ਉਨ੍ਹਾਂ ਅੱਗੇ ਕੀ ਆਸਿਫ ਨੇ ਇਕ ਵੱਡੀ ਮੁਸ਼ਕਿਲ ਵੀ ਰੱਖ ਦਿਤੀ ।

ਕੇ ਆਸਿਫ਼ ਚਾਹੁੰਦੇ ਸਨ ਕਿ ਫਿਲਮ ਦੇ ਕਈ ਦ੍ਰਿਸ਼ਾਂ ਦੀ ਪਿੱਠਭੂਮੀ ਵਿਚ ਤਾਨਸੈਨ ਦਾ ਅਲਾਪ ਗੂੰਜਦਾ ਹੋਵੇ । ਤੇ ਇਹ ਅਲਾਪ ਬੜੇ ਗ਼ੁਲਾਮ ਅਲੀ ਖ਼ਾਨ ਸਾਹਿਬ ਤੋਂ ਬਗੈਰ ਹੋਰ ਕੋਈ ਨਹੀਂ ਗਾ ਸਕਦਾ ।

ਬੜੇ ਗ਼ੁਲਾਮ ਅਲੀ ਖ਼ਾਨ ਸਾਹਿਬ ਫ਼ਿਲਮੀ ਚਕਾਚੌਂਧ ਤੋਂ ਦੂਰ ਰਹਿੰਦੇ ਸਨ ।ਉਨ੍ਹਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਸਾਫ਼ ਮਨ੍ਹਾ ਕਰ ਦਿੱਤਾ । ਫਿਰ ਕੇ ਆਸਿਫ ਜਦੋਂ ਨੌਸ਼ਾਦ ਸਾਹਿਬ ਨੂੰ ਨਾਲ ਲੈ ਕੇ ਗਏ ....ਇਲਤਜ਼ਾ ਕੀਤੀ ਕਿ ਫ਼ਿਲਮ ਦੀ ਰੂਹ ਹੈ ਇਹ ਅਲਾਪ ... ਕਿਰਪਾ ਕਰੋ।

ਕਹਿੰਦੇ ਹਨ ਕਿ ਬੜੇ ਗ਼ੁਲਾਮ ਅਲੀ ਖ਼ਾਨ ਨੇ ਖਹਿੜਾ ਛੁਡਾਉਣ ਵਾਸਤੇ ਪੱਚੀ ਹਜ਼ਾਰ ਰੁਪਏ ਦੀ ਮੰਗ ਰੱਖ ਦਿੱਤੀ ।ਪੱਚੀ ਹਜਾਰ ਰੁਪਏ ਉਸ ਸਮੇਂ ਬੜੀ ਵੱਡੀ ਰਕਮ ਸੀ ਕਿਉਂ ਕਿ ਰਫ਼ੀ ਸਾਹਿਬ ਅਤੇ ਲਤਾ ਮੰਗੇਸ਼ਕਰ ਵੀ ਚਾਰ ਜਾਂ ਪੰਜ ਸੌ ਰੁਪਏ ਪ੍ਰਤੀ ਗਾਣਾ ਲੈ ਰਹੇ ਸਨ । ਬੜੇ ਗ਼ੁਲਾਮ ਅਲੀ ਖ਼ਾਨ ਸਾਹਿਬ ਸੋਚਦੇ ਸਨ ਕਿ ਇੰਨੀ ਵੱਡੀ ਰਕਮ ਮੰਗ ਕੇ ਉਹ ਉਨ੍ਹਾਂ ਤੋਂ ਖਹਿੜਾ ਛੁਡਾ ਲੈਣਗੇ ਪਰ ਕੇ ਅਸਿਫ ਨੇ ਉਨ੍ਹਾਂ ਦੀ ਇਹ ਮੰਗ ਫੌਰਨ ਕਬੂਲ ਕਰ ਲਈ ਸੀ ।

ਇਕ ਕਿੱਸਾ ਮਧੂਬਾਲਾ ਬਾਰੇ ਵੀ ਮਸ਼ਹੂਰ ਹੈ ।ਫਿਲਮ ਦੀ ਸ਼ੂਟਿੰਗ ਦੌਰਾਨ ਮਧੂਬਾਲਾ ਬਿਮਾਰ ਹੋ ਗਈ ਸੀ ।ਇਹ ਉਨ੍ਹਾਂ ਦੇ ਆਖ਼ਰੀ ਸਾਲ ਸਨ ।ਫ਼ਿਲਮ ਦਾ ਦ੍ਰਿਸ਼ ਬੜਾ ਅਜੀਬ ਸੀ ।ਮੁਗਲ ਬਾਦਸ਼ਾਹ ਦੀ ਕੈਦ ਵਿੱਚ ਕਨੀਜ਼ ਨੂੰ ਬੇੜੀਆਂ ਪਹਿਨਾਈਆਂ ਗਈਆਂ ਸਨ ।ਕਿਸੇ ਨੇ ਹਵਾਲਾ ਦਿੱਤਾ ਕਿ ਮਧੂਬਾਲਾ ਬੀਮਾਰ ਹੈ ਇੰਨੀਆਂ ਬੇੜੀਆਂ ਪਹਿਨਣ ਨਾਲ ਮੁਸ਼ਕਿਲ ਹੋ ਰਹੀ ਹੈ ।ਕਿਉਂ ਨਾ ਬਨਾਉਟੀ ਬੇੜੀਆਂ ਦੀ ਸਹਾਇਤਾ ਲਈ ਜਾਵੇ ?

ਕੇ ਆਸਿਫ਼ ਨੇ ਮਨ੍ਹਾ ਕਰ ਦਿੱਤਾ । ਉਨ੍ਹਾਂ ਅਨੁਸਾਰ ਬੇੜੀਆਂ ਦੇ ਭਾਰ ਨਾਲ ਚਿਹਰੇ ਦਾ ਦਰਦ ਨਿਖਰ ਕੇ ਸਾਹਮਣੇ ਆ ਰਿਹਾ ਸੀ .. ਜੋ ਇੱਕ ਕੈਦੀ ਲਈ ਜ਼ਰੂਰੀ ਹੁੰਦਾ ਹੈ ।

ਮੁਗਲੇ ਆਜ਼ਮ ਦੇ ਨਿਰਮਾਣ ਦੌਰਾਨ ਕੇ ਆਸਿਫ ਜ਼ਮੀਨ ਤੇ ਹੀ ਸੌਂਦੇ ਸਨ ....ਇਹ ਇੱਕ ਵਚਨ ਸੀ ਜੋ ਉਨ੍ਹਾਂ ਨੇ ਆਪਣੇ ਆਪ ਨਾਲ ਕੀਤਾ ਸੀ । ਉਹ ਤਾ ਉਮਰ ਕਿਰਾਏ ਦੇ ਮਕਾਨ ਵਿੱਚ ਰਹੇ ਅਤੇ ਕਦੇ ਆਪਣੀ ਗੱਡੀ ਨਹੀਂ ਸੀ ਲਈ ।

ਉਹ ਮੁਗਲੇ ਆਜ਼ਮ ਨੂੰ ਹਕੀਕਤ ਦੇ ਨੇੜੇ ਦੀ ਫ਼ਿਲਮ ਦੁਖਾਉਣ ਲਈ ਬਜ਼ਿੱਦ ਸਨ ....ਰਾਜਸਥਾਨ ਵਿੱਚ ਜੰਗ ਲਈ ਊਠ ਘੋੜੇ ਤੇ ਸੈਨਿਕ ਚਾਹੀਦੇ ਸਨ ।ਉਨ੍ਹਾਂ ਨੇ ਉਸ ਸਮੇਂ ਦੇ ਰੱਖਿਆ ਮੰਤਰੀ ਨੂੰ ਬੇਨਤੀ ਕੀਤੀ ਤਾਂ ਸਰਕਾਰ ਵੱਲੋਂ ਫੌਜ ਦੇ ਸੈਨਿਕ ਅਤੇ ਸਾਜ਼ੋ ਸਾਮਾਨ ਭੇਜ ਦਿੱਤਾ ਗਿਆ । ਇਨ੍ਹਾਂ ਤਰੱਦਦ ਆਸਿਫ ਸਾਹਿਬ ਨੇ ਇਸ ਵਾਸਤੇ ਕੀਤਾ ਸੀ ਕਿ ਲੜਾਈ ਜੀਵੰਤ ਦਿਸੇ ..ਅਸਲੀ ਪ੍ਰਭਾਵ ਪੈਦਾ ਹੋਵੇ ।

ਫ਼ਿਲਮ ਸ਼ੁਰੂ ਹੋਣ ਤੋਂ ਲੈ ਕੇ ਅੰਤ ਤਕ ਤਕਨੀਕ ਬਦਲ ਗਈ ਕਿਉਂਕਿ ਫ਼ਿਲਮ ਚੌਦਾਂ ਸਾਲਾਂ ਵਿੱਚ ਬਣੀ ਸੀ । 1960 ਵਿੱਚ ਇਸ ਫ਼ਿਲਮ ਨੂੰ ਬਲੈਕ ਐਂਡ ਵਾਈਟ ਅਤੇ ਥੋੜ੍ਹਾ ਹਿੱਸਾ ਰੰਗੀਨ ਦਿਖਾਉਂਦਿਆਂ ਹੀ ਰਿਲੀਜ਼ ਕਰ ਦਿੱਤਾ ਗਿਆ ਸੀ ....ਪਰ ਫ਼ਿਲਮ ਦੀ ਸ਼ਾਨੋ ਸ਼ੌਕਤ ਨੂੰ ਦੇਖਦਿਆਂ ਨਿਰਮਾਤਾਵਾਂ ਨੇ ਇਸ ਨੂੰ 2005 ਡਿਜੀਟਲ ਤੌਰ ਤੇ ਰੰਗੀਨ ਬਣਾ ਕੇ ਫਿਰ ਤੋਂ ਰਿਲੀਜ਼ ਕੀਤਾ ਸੀ ...ਇਸ ਰੰਗੀਨ ਵਰਜ਼ਨ ਨੇ ਵੀ ਅੱਛੀ ਖਾਸੀ ਕਮਾਈ ਕੀਤੀ ਸੀ ।

ਬਹੁਤ ਪਹਿਲਾਂ ਤੋਂ ਹੀ ਆਸਿਫ ਸਾਹਿਬ ਦੀ ਤਮੰਨਾ ਸੀ ਕਿ ਮੁਗਲਈ ਸ਼ਾਨੋ ਸ਼ੌਕਤ ਨੂੰ ਕਹਾਣੀ ਦੇ ਰੂਪ ਵਿੱਚ ਕੈਦ ਕਰ ਲਿਆ ਜਾਵੇ ।

ਉਨ੍ਹਾਂ ਨੇ ਚਾਲੀ ਦੇ ਦਹਾਕੇ ਵਿਚ ਵੀ ਇਹ ਕੋਸ਼ਿਸ਼ ਕੀਤੀ ਸੀ ਕਈ ਮਹੀਨਿਆਂ ਦੀ ਸ਼ੂਟਿੰਗ ਵੀ ਹੋ ਗਈ ਸੀ ਪਰ ਵੰਡ ਹੋਣ ਕਾਰਨ ਉਨ੍ਹਾਂ ਦਾ ਪ੍ਰੋਡਿਊਸਰ ਪਾਕਿਸਤਾਨ ਚਲਾ ਗਿਆ ਤੇ ਫ਼ਿਲਮ ਬੰਦ ਹੋ ਗਈ ਸੀ ।

ਪਰ ਉਹ ਇਸ ਕਹਾਣੀ ਨੂੰ ਕਦੇ ਨਹੀਂ ਭੁੱਲੇ ਤੇ ਫੇਰ 1948 ਵਿੱਚ ਇਸ ਫ਼ਿਲਮ ਤੇ ਕੰਮ ਸ਼ੁਰੂ ਕਰ ਦਿੱਤਾ ਸੀ ।



# ਕਿਸਾਨੀ ਮੋਰਚੇ ਦੀ ਗਾਥਾ -1



ਹਰਭਜਨ ਸਿੰਘ ਚੇਰਾ
403 607 2814

ਪੰਜਾਬ ਦੇ ਇਤਹਾਸ ਵੱਲ ਝਾਤੀ ਮਾਰੀਏ ਤਾਂ ਸ਼ੁਰੂ ਤੋਂ ਹੀ ਇਹ ਧਰਤੀ ਕਿਸੇ ਨਾ ਕਿਸੇ ਜ਼ੁਲਮ ਦਾ ਸ਼ਿਕਾਰ ਹੁੰਦੀ ਆਈ।ਇਸ ਧਰਤੀ ਨੂੰ ਪੀਰ-ਪੈਗੰਬਰਾਂ,ਦੇਵਤਿਆਂ ਨੇ ਅਪਨਾਇਆ ਅਤੇ ਜ਼ਾਲਮ ਮੁਗਲਾਂ ਨੇ ਵੀ ਇਸ ਧਰਤੀ ਉੱਤੇ ਕਾਬਜ਼ ਹੋਣ ਦੇ ਪ੍ਰਬਲ ਯਤਨ ਕੀਤੇ,ਪਰ ਪੰਜਾਬ ਦੇ ਸ਼ੂਰ-ਬੀਰ ਯੋਧਿਆਂ ਨੇ ਜ਼ਾਲਮਾਂ ਦੇ ਮਨਸੂਬਿਆਂ ਨੂੰ ਚੂਰ-ਚੂਰ ਕਰਕੇ ਹਮੇਸ਼ਾ ਲਈ ਮੂੰਹ ਮੋੜਿਆ।ਇਸ ਧਰਤੀ ਉੱਤੇ ਮਹਾਂ-ਭਾਰਤ ਦਾ ਬੜਾ ਭਿਆਨਕ ਯੁੱਧ ਹੋਇਆ,ਭਾਂਵੇ ਇਸ ਯੁੱਧ ਨੂੰ ਪਰਵਾਰਕ ਯੁੱਧ ਕਹਿਣਾਂ ਕੋਈ ਅੱਤ-ਕਥਨੀ ਨਹੀਂ,ਪਰ ਇਸ ਭਿਆਨਕ ਯੁੱਧ ਦਾ ਵੀ ਪੰਜਾਬ ਉੱਤੇ ਕਾਫੀ ਪਰਭਾਵ ਪਿਆ।ਇਸੇ ਤਰ੍ਹਾਂ ਸਿਕੰਦਰ ਵੀ ਜਿੰਨੀ ਬਾਰ ਭਾਰਤ ਤੇ ਹਮਲਾ-ਆਵਰ ਹੋਇਆ ਪਹਿਲਾਂ ਪੰਜਾਬ ਨੂੰ ਹੀ ਆਪਣੀ ਲਪੇਟ ਵਿੱਚ ਲਿਆ।ਇਸ ਤੋਂ ਉਪਰੰਤ ਬਾਬਰ, ਮਹੱਮਦ ਗੌਰੀ,ਤਮੂਰ,ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਵਰਗਿਆਂ ਨੇ ਪੰਜਾਬ ਨੂੰ ਮਨ-ਮਰਜ਼ੀ ਨਾਲ ਲੁੱਟਿਆ।ਬਾਬਰ ਤੋਂ ਲੈਕੇ ਔਰੰਗਜੇਬ ਤੱਕ ਜੋ ਹਿੰਦੋਸਤਾਨ ਵਿੱਚ ਲੁੱਟ-ਘਸੁੱਟ ਹੋਈ,ਉਸਦਾ ਵੀ ਸੇਕ ਵਧੇਰੇ ਪੰਜਾਬ ਨੇ ਹੀ ਝੱਲਿਆ ਭਾਵ ਪੰਜਾਬ ਨੂੰ ਹਿੰਦੋਸਤਾਨ ਦੀ ਢਾਲ ਕਹਿਣਾ ਅਨੁਚਿੱਤ ਨਹੀਂ।

ਹਿੰਦੋਸਤਾਨ ਦੀ ਗ਼ੁਲਾਮੀ ਦੀ ਜੰਜ਼ੀਰ ਨੂੰ ਤੋੜਨ ਦਾ ਜੋ ਸ਼ੰਘਰਸ਼ ਪੰਜਾਬ ਨੇ ਕੀਤਾ,ਉਸ ਨੂੰ ਭੁਲਾਇਆ ਨਹੀਂ ਜਾ ਸਕਦਾ।ਅੰਗਰੇਜ਼ਾਂ ਨੇ ਵੀ ਹਿੰਦੁਸਤਾਨ ਅੰਦਰ ਦਾਖਲ ਹੋ ਕੇ ਪੰਜਾਬ ਨੂੰ ਹੀ ਅਪਣਾਂ ਡੇਰਾਂ ਬਣਾਇਆ। ਭਾਵ ਕੋਈ ਵੀ ਹਮਲਾ-ਆਵਰ ਬਾਹਰੋਂ ਆਇਆ ਉਸ ਨੇ ਪਹਿਲਾਂ ਪੰਜਾਬ ਨੂੰ ਹੀ ਲੁਟਿੱਆ,ਪੰਜਾਬ ਨੇ ਹੀ ਹਮੇਸ਼ਾਂ ਹਿੰਦੋਸਤਾਨ ਦੀ ਢਾਲ ਬਣ ਕੇ ਹਰ ਇਕ ਹਮਲਾ-ਆਵਰ ਦਾ ਮੁਕਬਲਾ ਕੀਤਾ।ਅਖੀਰ ਅੰਗਰੇਜ਼ ਦੀ ਗ਼ੁਲਾਮੀ ਤੋਂ ਛੁੱਟਕਾਰਾ ਵੀ ਪੰਜਾਬ ਦੇ ਸ਼ੁਰ-ਬੀਰ ਯੋਧਿਆਂ ਨੇ 80% ਕੁਰਬਾਨੀਆਂ ਦੇ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਇਆ।ਇੱਥੇ ਹੀ ਬਸ ਨਹੀਂ ਅਜ਼ਾਦੀ ਮਿਲਣ ਤੋਂ ਉਪਰੰਤ ਬਟਵਾਰੇ ਸਮੇਂ ਜੋ ਮਨੁੱਖਤਾ ਦਾ ਘਾਣ ਹੋਇਆ,ਉਹ ਇਤਿਹਾਸ ਦੇ ਪੰਨਿਆਂ ਉਤੇ ਕਾਲੇ ਅੱਖਰਾਂ ਵਿੱਚ ਲਿਖਿਆ ਗਿਆ।ਲੱਗ-ਪੱਗ ਅੱਧਾ ਪੰਜਾਬ ਪਾਕਿਸਤਾਨ ਦੇ ਹਿੱਸੇ ਆ ਗਿਆ,ਉਥੋਂ ਉੱਜੜ ਕੇ ਆਏ ਪੰਜਾਬੀਆਂ ਨੇ ਜੋ ਆਜ਼ਾਦੀ ਦੇ ਦੁਖਾਂਤ ਨੂੰ ਅਪਣੇ ਪਿੰਡੇ ਉਤੇ ਹੰਡਾਇਆ,ਉਸ ਨੂੰ ਬਿਆਨਿਆ ਨਹੀਂ ਜਾ ਸਕਦਾ ਕੇਵਲ ਉਹੀ ਜਾਣ ਸਕਦਾ ਹੈ ਜਿਸਨੇ ਦੇਖਿਆ ਜਾਂ ਹੰਡਾਇਆ।ਅਜਿਹੇ ਪਰਵਾਰ ਜਿਨ੍ਹਾਂ ਨੇ ਆਪਣਾਂ ਸੱਭ ਕੁੱਝ ਲੁਟਾ ਦਿੱਤਾ ਅਤੇ ਲੱਖਾਂ ਦੀ ਗਿਣਤੀ ਵਿੱਚ ਟੱਬਰਾਂ ਦੇ ਟੱਬਰ ਅਜ਼ਾਦੀ ਦੀ ਬਲੀ ਚੜ੍ਹ ਗਏ। ਅੱਜ ਇਹ ਗਲ ਸਮਝਣ ਤੋਂ ਬਾਹਰ ਹੈ ਕਿ ਪੰਜਾਬੀਆਂ ਦੀਆਂ ਏਨੀਆਂ ਕੁਰਬਾਨੀਆਂ ਦੇ ਬਾਵਜ਼ੂਦ ਇਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ? ਅੱਜ ਜੋ ਵੀ ਪੰਜਾਬ ਹੈ,ਜਿਸ ਵੀ ਆਕਾਰ ਵਿੱਚ ਹੈ-ਇਸ ਨੂੰ ਵੀ ਹਰ ਪੱਖ ਤੋਂ ਨਿਚੋੜਿਆ ਜਾ ਰਿਹਾ ਹੈ।ਇਹ ਜੋ ਅੱਜ ਪੰਜਾਬ ਨੂੰ ਢਾਅ ਲੱਗੀ,ਇਹ ਕਿਸੇ ਬਾਹਰੋਂ ਆਏ ਹਮਲਾਵਰ ਨੇ ਨਹੀਂ ਲਾਈ,ਬਾਹਰੋਂ ਆਏ ਦੁਸ਼ਮਨ ਨੇ ਨਹੀਂ ਲੁੱਟਿਆ ਸਗੋਂ ਅੱਜ ਪੰਜਾਬ ਨੂੰ ਸਾਡੇ ਆਪਣਿਆਂ ਨੇ ਹੀ ਢਾਅ ਲਾਈ।ਬੀ.ਜੇ.ਪੀ ਨਾਲ ਨੌਂਹੁੰ-ਮਾਸ ਦਾ ਰਿਸ਼ਤਾ ਜੋ ਬਾਦਲ ਸਰਕਾਰ ਨੇ ਨਿੱਜ-ਸੁਆਰਥ ਲਈ ਬਣਾਇਆ ਸੀ,ਉਸ ਨੇ ਪੰਜਾਬ ਨੂੰ ਲੀਰੋ-ਲੀਰ ਕਰ ਦਿੱਤਾ,ਤਬਾਹ ਕਰ ਦਿੱਤਾ ਇੱਥੋਂ ਤੱਕ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਅੰਗ-ਅੰਗ ਕਰਕੇ ਗਲੀਆਂ ਵਿੱਚ ਰੋਲੇ ਗਏ।ਇਨ੍ਹਾਂ ਆਗੂਆਂ ਨੇ ਪੰਜਾਬ ਦੀ ਉਹ ਦਿਸ਼ਾ ਬਣਾ ਦਿੱਤੀ,ਜੋ ਕੇਂਦਰ ਸਰਕਾਰ ਚਾਹੁੰਦੀ ਸੀ।ਕਿਸਾਨ ਖ਼ੁੱਦ-ਕਸ਼ੀਆਂ ਤੇ ਉੱਤਰ ਆਏ,ਜੁਆਨੀ ਨਸ਼ਿਆਂ ਨੇ ਖਾ ਲਈ,ਪੜ੍ਹਾਈ ਦਾ ਮਿਆਰ ਗਿਰ ਗਿਆ ਅਤੇ ਰਹਿੰਦੀ ਜੁਆਨੀ ਬਦੇਸ਼ਾਂ ਵਿਚ ਜਾ ਵੜੀ।

ਅੱਜ ਉੱਜੜੇ ਹੋਏ ਪੰਜਾਬ ਦੀ ਅਣਖ ਨੂੰ ਕਿਸਾਨੀ-ਸੰਘਰਸ਼ ਨੇ ਫਿਰ ਝੰਜੋੜਿਆ।ਕੇਂਦਰ ਸਰਕਾਰ ਇਹ ਸਮਝ ਬੈਠੀ ਸੀ ਕਿ ਪੰਜਾਬ ਦੀ ਤਾਕਤ ਖੇਰੂੰ-ਖੇਰੂੰ ਹੋ ਚੁੱਕੀ ਹੈ।ਘਰ ਦਾ ਭੇਤੀ ਲੰਕਾ ਢਾਏ ਅਪਣੇ ਆਗੂਆਂ ਨੇ ਨੌਹ-ਮਾਸ ਦਾ ਰਿਸ਼ਤਾ ਬਣਾ ਕੇ ਬੀ.ਜੇ.ਪੀ ਨੂੰ ਇਹ ਵਿਸ਼ਵਾਸ਼ ਕਰਵਾ ਦਿੱਤਾ ਸੀ ਕਿ ਪੰਜਾਬ ਹੁਣ ਉੱਠਣ ਜੋਗਾ ਨਹੀਂ ਰਿਹਾ।ਕੁੱਝ ਨਸਿਆਂ ਵਿਚ ਡੁੱਬ ਗਿਆ,ਬਜ਼ੁਰਗ ਅਨਪੜ੍ਹਤਾ ਦੇ ਸ਼ਿਕਾਰ ਅਤੇ ਬਾਕੀ ਜੁਆਨੀ ਬਦੇਸ਼ਾਂ ਵਿਚ ਜਾ ਵੜੀ।ਇਹ ਸਮਾਂ ਹੈ ਤੁਹਾਡੀ ਚਾਣਕ-ਨੀਤੀ ਵਰਤਣ ਦਾ।ਸਰਕਾਰ ਨੇ ਬਿਨਾਂ ਕਿਸਾਨ ਯੂਨੀਅਨ ਆਗੂਆਂ ਦੀ ਸਲਾਹ ਤੋਂ, ਤਿੰਨ ਕਾਲੇ ਕਾਨੂਨ ਜੋ ਕਿਸਾਨੀ ਹਿਤਾਂ ਦੇ ਅਨਕੂਲ ਨਹੀਂ ਸਨ,ਪਾਸ ਕਰਕੇ ਲਾਗੂ ਕਰ ਦਿੱਤੇ।ਕਿਸਾਨ ਯੂਨੀਅਨ ਦੇ ਆਗੂਆਂ ਅਤੇ ਕਾਨੂਨੀਂ ਮਾਹਰਾਂ ਨੇ ਇਸ ਕਾਨੂਨ ਬਾਰੇ ਵਿਚਾਰ-ਵਟਾਂਦਰਾ ਕਰਨ ਤੋਂ ਉਪਰੰਤ ਇਸ ਕਾਨੂਨ ਦਾ ਸਖਤ ਵਿਰੋਧ ਕੀਤਾ,ਕਿਉਂਕਿ ਇਹ ਤਿੰਨੋਂ ਕਾਨੂੰਨ ਕਿਸਾਨਾਂ ਦੀ ਮਾਲਕੀਅਤ ਨੂੰ ਹੜੱਪਣ ਦੀ ਬੁਹਤ ਵੱਡੀ ਯੋਜਨਾਂ ਸੀ।ਜਿਸ ਕਾਰਨ ਕਿਸਾਨ ਯੂਨੀਅਨ ਦੇ ਆਗੂਆਂ ਨੇ ਸਰਕਾਰ ਵਿਰੁਧ ਬੜੀ ਪੱਧਰ ਤੇ ਅੰਦੋਲਨ ਕਰਨ ਦਾ ਬਿਗ਼ਲ ਬਜਾ ਦਿੱਤਾ।

ਇਹ ਕਿਸਾਨੀ ਸੰਘਰਸ਼ 14 ਸਤੰਬਰ ਨੂੰ ਪੰਜਾਬ ਦੀਆਂ ਰੇਲ-ਪਟੜੀਆਂ ਤੋਂ ਅਰੰਭ ਹੋ ਕੇ ਬੜੇ ਹੀ ਔਰਗ਼ਨਾਇਜ਼ ਅਤੇ ਸ਼ਾਂਤ-ਮਈ ਢੰਗ ਨਾਲ ਦਿੱਲੀ ਨੂੰ ਰਵਾਨਾ ਹੋਇਆ।ਦਿੱਲੀ ਨੂੰ ਰਵਾਨਾ ਹੋਣ ਲਈ ਪਹਿਲਾਂ ਜੀ.ਟੀ ਰੋਡ ਤੇ ਹਰਿਆਨਾ ਕਰੌਸ ਕਰਨਾਂ ਜ਼ਰੂਰੀ ਸੀ।ਹਰਿਆਨਾ ਬੌਡਰ ਤੇ ਬੀ.ਜੇ.ਪੀ ਦੇ ਮੁੱਖ-ਮੰਤਰੀ ਮਨੋਹਰ ਲਾਲ ਖੱਟੜ ਨੇ ਜੋ ਲੋਕ-ਤੰਤਰ ਦੀਆਂ ਧੱਜੀਆਂ ਉੜਾਈਆਂ ਉਹ ਪੁਰ-ਜ਼ੋਰ ਨਿੰਦਣ-ਯੋਗ ਹਨ।ਪਾਨੀ ਦੀ ਬੁਛਾੜ,ਜਹਿੜਾ ਪਾਣੀ ਇਕ ਗੰਦੇ ਨਾਲੇ ਵਿਚੋਂ ਲਿਆ ਗਿਆ,ਟੀਅਰ-ਗੈਸ ਅਤੇ ਲਾਠੀ ਚਾਰਜ ਵੀ ਕੀਤਾ ਗਿਆ।ਸੰਸਾਰ ਦੀ ਲਗ-ਪਗ ਹਰ ਸਰਕਾਰ ਨੇ ਇਸ ਦੁਰ-ਘਟਨਾਂ ਦੀ ਪੁਰ-ਜ਼ੋਰ ਨਿੰਦਾ ਕੀਤੀ।ਕਿਉਂਕਿ ਇਹ ਕਾਫਲਾ ਜੀ.ਟੀ ਰੋਡ ਤੇ ਜਾ ਰਿਹਾ ਸੀ ਅਤੇ ਜੀ.ਟੀ ਰੋਡ ਨੈਸ਼ਨਲ ਪਰੌਪਰਟੀ ਹੈ ਜਿਸ ਉੱਤੇ ਜਾਣ ਲਈ ਕੋਈ ਰੁਕਾਵਟ ਨਹੀਂ ਹੋ ਸਕਦੀ।ਖੱਟੜ ਸਰਕਾਰ ਦੇ ਗੁੰਡਿਆਂ ਨੇ ਇਸ ਸ਼ਾਂਤ-ਮਈ ਸੰਘਰਸ਼ ਨੂੰ ਤੋੜਨ ਲਈ ਹਰ ਸੰਭਵ ਯਤਨ ਕੀਤਾ,ਪਰ ਸਬਰ ਦੇ ਬੇਮੁਹਾਰੇ ਹੜ੍ਹ ਨੂੰ ਬੂੰਨ ਲਾਉਣਾ ਸੌਖੀ ਗਲ ਨਹੀਂ,ਨਾਕੇ-ਬੰਦੀਆਂ ਤੋੜਦਾ,ਪੁਲੀਸ ਦੀਆਂ ਡਾਂਗਾਂ ਝੱਲਦਾ ਅਤੇ ਪਾਣੀ ਦੀਆਂ ਬੁਛਾੜਾਂ ਸਹਾਰਦਾ ਸ਼ਾਂਤ-ਮਈ ਢੰਗ ਨਾਲ ਕਾਫਲਾ ਅਪਣੇ ਟੀਚੇ ਵਲ ਵੱਧਦਾ ਗਿਆ।

ਇਸ ਸੰਘਰਸ਼ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਕਿਸੇ ਵੀ ਸਿਆਸੀ ਪਾਰਟੀ ਨੂੰ ਆਪਣੇ ਵਿੱਚ ਦਾਖਲ ਨਹੀਂ ਹੋਣ ਦਿੱਤਾ।ਕਿਉਂਕਿ ਆਮ ਜੰਤਾ ਨੇ ਇਨ੍ਹਾਂ ਸੱਭ ਪਾਰਟੀਆਂ ਨੂੰ ਚੰਗੀ ਤਰ੍ਹਾਂ ਅਜ਼ਮਾਇਆ ਹੋਇਆ ਹੈ।ਇਨ੍ਹਾਂ ਦੀ ਸਹਾਇਤਾ ਇਸ ਸ਼ਾਂਤ-ਮਈ ਸੰਘਰਸ਼ ਵਿਚ ਵਿਘਨ ਪਾਉਣ ਤੋਂ ਅਤੇ ਅਪਣੀਆਂ ਸਿਆਸੀ ਰੋਟੀਆਂ ਸੇਕਣ ਤੋਂ ਬਿਨਾ ਹੋਰ ਕੋਈ ਗਲ ਨਹੀਂ।ਇਨ੍ਹਾਂ ਸਾਰੀਆਂ ਪਾਰਟੀਆਂ ਨੂੰ ਕਿਸਾਨੀ ਆਗੂਆਂ ਵਲੋਂ ਇਹੋ ਬੇਨਤੀ ਕੀਤੀ ਗਈ ਕਿ ਜਿਨ੍ਹਾਂ ਨੂੰ ਕਿਸਾਨੀ ਅੰਦੋਲਨ ਨਾਲ ਹਮਦਰਦੀ ਹੈ ਉਹ ਕਿਸਾਨੀ ਰੂਪ ਵਿਚ ਇਸ ਅੰਦੋਲਨ ਦੇ ਭਾਗੀ-ਵਾਲ ਬਣ ਸਕਦੇ ਹਨ।ਸੋ ਇਨ੍ਹਾਂ ਦੀ ਇਸ ਨੀਤੀ ਨੂੰ ਭਾਰਤ ਕਿਆ ਸਮੁੱਚੇ ਸੰਸਾਰ ਵਲੋਂ ਭਰਵਾਂ ਹੁੰਗਾਰਾ ਮਿਲਿਆ,ਜਿਸ ਨਾਲ ਇਹ ਸੰਘਰਸ਼ ਦੁਨੀਆਂ ਦਾ ਹਰ-ਮੰਨ ਪਿਆਰਾ ਬਣਿਆ।ਭਾਰਤ ਦੇ ਲਗ-ਪਗ ਹਰ ਪਰਾਂਤ ਨੇ ਕਿਸਾਨੀ-ਏਕਤਾ ਨੂੰ ਦਿਲੋਂ ਸਹਿਯੋਗ ਦੇ ਕੇ ਇਸ ਨੂੰ ਪ੍ਰਭਾਵ-ਸ਼ਾਲੀ ਬਣਾਇਆ।ਕਿਉਂਕਿ ਰੱਬ ਤੋਂ ਦੂਜਾ ਨੰਬਰ ਧਰਤੀ-ਮਾਂ ਅਤੇ ਤੀਜਾ ਅੰਨ-ਦਾਤਾ (ਕਿਸਾਨ) ਜੋ ਇਸ ਧਰਤੀ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਦੁਨੀਆਂ ਦੇ ਢਿੱਡ ਭਰਦਾ ਹੈ।ਕਿਸਾਨ ਸਾਰੀ ਦੁਨੀਆਂ ਦਾ ਸਾਂਝਾ ਧਰਮ ਹੈ ਇਸ ਦੀ ਅਣਥੱਕ ਮਿਹਨਤ ਅਤੇ ਸੱਚੀ-ਸੁੱਚੀ ਕਮਾਈ ਦੇ ਸਦਕੇ ਹੀ ਸਮੁੱਚਾ ਸੰਸਾਰ ਜੀਉਂਦਾ ਹੈ।ਇਹੋ ਕਾਰਨ ਹੈ ਅੱਜ ਸਾਰੀ ਦੁਨੀਆਂ ਇਸ ਅੰਦੋਲਨ ਦੀ ਸਮਰਥਕ ਹੈ।

ਇਸ ਅੰਦੋਲਨ ਵਿਚ ਜੋ ਏਕਤਾ ਦਾ ਪ੍ਰਥੱਕ ਪ੍ਰਮਾਣ ਮਿਲਿਆ ਇਹ ਬੜੀ ਅਸਚਰਜਤਾ ਦਾ ਪ੍ਰਤੀਕ ਹੈ।ਹੈਰਾਨੀ ਇਸ ਗੱਲ ਦੀ ਹੈ ਕਿ ਜਿਨ੍ਹਾਂ ਪਿੰਡਾਂ ਵਿਚ ਛੋਟੇ ਹੁੰਦਿਆਂ,ਅੱਜ ਤੋ ਕੋਈ 70-80 ਸਾਲ ਪਹਿਲਾਂ ਸਾਂਝ ਦੇਖੀ ਸੀ,ਉਹ ਸਾਂਝ ਕੋਈ ਐਸੀ ਹਵਾ ਚੱਲੀ ਜਿਸ ਨੇ ਉਸ ਪਿਆਰ-ਸਤਿਕਾਰ ਦਾ ਤੀਲਾ-ਤੀਲਾ ਕਰ ਦਿੱਤਾ ਸੀ,ਅੱਜ ਉਸ ਵਿਖਰੇਵੇਂ,ਈਰਖਾ,ਦਵੈਦ ਨੂੰ ਇਸ ਅੰਦੋਲਨ ਨੇ ਇੰਜ ਪਿਆਰ ਦੀ ਡੋਰ ਵਿਚ ਗੁੰਦਿਆ,ਜਿਵੇਂ ਵੱਖਰੇ-ਵੱਖਰੇ ਫੁੱਲਾਂ ਦਾ ਗ਼ੁਲਦਸਤਾ ਬਣ ਗਿਆ ਹੋਵੇ।

ਇਸ ਹੱਠ ਨੂੰ ਅਤੇ ਇਸ ਜ਼ੋਸ਼ ਨੂੰ ਤੋੜਨ ਲਈ ਜੋ ਪਾਪੜ ਕੇਂਦਰ ਸਰਕਾਰ ਨੇ ਬੇਲੇ,ਉਹ ਇਸ ਤਰ੍ਹਾਂ ਨਾਕਾਬ ਕੀਤੇ ਜੋ ਸੋਚ ਤੋਂ ਬਾਹਰ ਹਨ।ਅਜਿਹੇ ਦੋਸ਼ ਲਾਏ ਗਏ ਇਸ ਅੰਦੋਲਨ ਨੂੰ ਬਦਨਾਮ ਕਰਨ ਲਈ,ਕਦੇ ਅੱਤ-ਵਾਦੀ,ਕਦੇ ਖਾਲਿਸਤਾਨੀ,ਕਦੇ ਖੱਬੇ ਪੱਖੀ ਅਤੇ ਕਦੇ ਸੱਜੇ ਪੱਖੀ ਇਸ ਦੇਸ਼ ਦੇ ਵਾਸੀਆਂ ਨਾਲ ਬਦੇਸ਼ਾਂ ਵਾਲਾ ਸਲੂਕ ਕਰਕੇ ਲੋਕ-ਤੰਤਰਤਾ ਦਾ ਘਾਣ ਕੀਤਾ,ਪਰ ਸ਼ਾਬਾਸ਼ ਇਸ ਸ਼ੰਘਰਸ਼ ਦੇ ਆਗੂਆਂ ਦੇ ਅਤੇ ਨੌਜਵਾਨਾਂ ਦੇ,ਜਿਨ੍ਹਾਂ ਨੇ ਇਨ੍ਹਾਂ ਹੋਸ਼ੀਆਂ ਚਾਲਾਂ ਦੇ ਪੜਦੇ ਫਾਸ਼ ਕਰਕੇ ਭਾਰਤ ਦੀ ਜੰਤਾ ਦਾ ਹੀ ਨਹੀਂ ਬਲਕਿ ਸਮੁੱਚੇ ਸੰਸਾਰ ਦਾ ਸਹਿਯੋਗ ਪਰਾਪਤ ਕੀਤਾ।ਸੱਭ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ-ਮੰਤਰੀ ਮਾਨ-ਯੋਗ ਜਸਟਿਨ ਟਰੂਡੋ ਨੇ ਇੰਡੀਅਨ ਡੈਮੋਕਰੇਸੀ ਦੀ ਪੁਰ-ਜ਼ੋਰ ਨਿਖੇਦੀ ਕੀਤੀ।ਇਸੇ ਤਰ੍ਹਾਂ ਅਮੈਰਿਕਾ, ਇੰਗਲੈਂਡ ਅਸਟਰੇਲੀਆ ਤੇ ਹੋਰ ਕਈ ਦੇਸ਼ਾਂ ਨੇ ਭਾਰਤ ਸਰਕਾਰ ਨੂੰ ਨਿੰਦਿਆ।ਲਗ-ਪਗ ਸਾਰੇ ਦੇਸ਼ਾਂ ਨੇ ਇਸ ਕਿਸਾਨੀ ਅੰਦੋਲਨ ਨੂੰ ਸਹਿਯੋਗ ਦਿੱਤਾ,ਪਰ ਮੋਦੀ ਸਰਕਾਰ ਹਾਲੇ ਤਕ ਟੱਸ ਤੋਂ ਮੱਸ ਨਹੀਂ ਹੋਈ ਉਹ ਕੇਵਲ ਅਡਾਨੀ ਅਬਾਨੀ ਅਤੇ ਹੋਰ ਅਜਿਹੇ ਸਰਮਾਏ-ਦਾਰ ਪਰਵਾਰਾਂ ਦੀ ਹੀ ਸੋਚ ਵਿੱਚ ਹਨ। ਜਿਸ ਜੰਤਾ ਨੇ ਇਸ ਨੂੰ ਇਸ ਪੱਦਵੀ ਤੇ ਬਠਾਇਆ ਉਨ੍ਹਾਂ ਦੇ ਹੱਕਾਂ ਦੀ ਵੀ ਪਰਵਾਹ ਨਹੀਂ ਕੀਤੀ,ਪਰ ਇਹ ਅੰਦੋਲਨ ਆਪਣੇ ਹੱਕ ਲੈ ਕੇ ਹੀ ਵਾਪਸ ਮੁੜੇਗਾ।

**ਬਾਕੀ ਅਗਲੇ ਅੰਕ ਵਿੱਚ**




## ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸ.ਦਰਸ਼ਨ ਸਿੰਘ ਬੁੱਟਰ ਦੀ ਜੀਵਨ ਸਾਥਣ ਸ੍ਰੀ ਮਤੀ ਹਰਮਿੰਦਰ ਕੌਰ ਬੁੱਟਰ ਦੇ ਆਕਾਲ ਚਲਾਣੇ ਤੇ ਸਭਾ ਦਾ ਮੈਂਬਰਾਂ ਵੱਲੋਂ ਦੁੱਖ ਦਾ ਇਜ਼ਹਾਰ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਨਵੰਬਰ ਮਹੀਨੇ ਦੀ ਇਕੱਤਰਤਾ 14 ਨਵੰਬਰ ਦਿਨ ਐਤਵਾਰ 2021 ਜ਼ੂਮ ਰਾਹੀਂ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪੰਜਾਬੀ ਦੇ ਚਰਚਿਤ ਕਵੀ , ਸੁਰੀਲੇ ਗੀਤਕਾਰ ਸੁਖਮਿੰਦਰ ਰਾਮਪੁਰੀ ਅਤੇ ਉੱਘੇ ਸਿਖਿਆ ਸ਼ਾਸਤਰੀ, ਸਮਾਜ ਸੇਵੀ ਤੇ ਸਾਹਿਤ ਪ੍ਰੇਮੀ ਪ੍ਰਿੰ. ਜਗਦੀਸ਼ ਸਿੰਘ ਘਈ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਇਹਨਾਂ ਦੋਹਾਂ ਸਖ਼ਸ਼ੀਅਤਾਂ ਦੇ ਵਿਛੋੜੇ ਨਾਲ ਪੰਜਾਬੀ ਸਮਾਜ ਅਤੇ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਤੋਂ ਇਲਾਵਾ ਸ. ਦਰਸਨ ਸਿੰਘ ਬੁੱਟਰ (ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ) ਦੀ ਜੀਵਨ ਸਾਥਣ ਸ੍ਰੀ ਮਤੀ ਹਰਮਿੰਦਰ ਕੌਰ ਬੁੱਟਰ ਦੇ ਆਕਾਲ ਚਲਾਣੇ ਤੇ ਵੀ ਸਭਾ ਦਾ ਮੈਂਬਰਾਂ ਵਲੋਂ ਦੁੱਖ ਦਾ ਇਜ਼ਹਾਰ ਕੀਤਾ ਗਿਆਂ।

ਪੰਜਾਬੀ ਸਾਹਿਤ ਸਭਾ ਕੈਲਗਰੀ ਦੇ ਨਵੇਂ ਮੈਂਬਰ ਸ. ਬਚਨ ਸਿੰਘ 'ਗੁਰਮ' ਜੋ ਕਿ ਪੰਜਾਬ ਭਾਰਤ ਵਿੱਚ ਬੈਂਕ ਵਿੱਚ ਮਹੱਤਵ ਪੂਰਣ ਅਹੁਦਿਆਂ ਤੇ ਸੇਵਾਵਾਂ ਨਿਭਾਉਣ ਤੋਂ ਬਾਅਦ ਰਿਟਾਇਰ ਹੋ ਕੇ ਕੈਲਗਰੀ ਆਪਣੇ ਬੱਚਿਆਂ ਕੋਲ ਰਹਿ ਰਹੇ ਹਨ, ਦਾ ਨਿੱਘਾ ਸਵਾਗਤ ਕੀਤਾ ਗਿਆ । ਸ. ਗੁਰਮ ਪੰਜਾਬੀ ਸਾਹਿਤ ਵਿੱਚ ਆਪਣੀਆਂ ਕਾਵਿ ਪੁਸਤਕਾਂ 'ਦੇਖਿਆ ਪਰਖਿਆ ਅਤੇ 'ਕਾਇਨਾਤ' ਰਾਹੀਂ ਪੰਜਾਬੀ ਸਾਹਿਤ ਵਿੱਚ ਮਹੱਤਵ-ਪੂਰਣ ਯੋਗਦਾਨ ਪਾ ਚੁੱਕੇ ਹਨ ਅਤੇ ਉਹਨਾਂ ਦੀ ਕਲਮ ਤੋਂ ਪੰਜਾਬੀ ਸਾਹਿਤ ਜਗਤ ਨੂੰ ਹੋਰ ਵੀ ਬਹੁਤ ਆਸਾਂ ਹਨ। ਪੰਜਾਬੀ ਸਾਹਿਤ ਸਭਾ ਕੈਲਗਰੀ ਸ.ਬਚਨ ਸਿੰਘ ਦਾ ਨਿੱਘਾ ਸਵਾਗਤ ਕਰਦੀ ਹੈ ।

ਸ. ਅਜਾਇਬ ਸਿੰਘ ਸੇਖੋਂ ਨੇ ਆਪਣੇ ਲੇਖ 'ਰੁੱਖ' ਰਾਹੀਂ ਮਨੁੱਖੀ ਜੀਵਨ ਵਿੱਚ ਰੁੱਖਾਂ ਦੇ ਮਹੱਤਵ ਨੂੰ ਦਰਸਾਉਂਦਿਆਂ ਵੱਧ ਤੋਂ ਵੱਧ ਰੁੱਖ ਉਗਾਉਣ ਦੀ ਪ੍ਰੇਰਨਾ ਕੀਤੀ। ਸ. ਗੁਰਦਿਆਲ ਸਿੰਘ ਖਹਿਰਾ ਵਲੋਂ ਮੋਗਾ ਜਿਲ੍ਹੇ ਦੇ ਪਿੰਡ ਪੱਤੋ ਹੀਰਾ ਸਿੰਘ ਵਿਖੇ ਬਣਾਏ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਗ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਬਾਗ ਵਿੱਚ 6000 ਰੁੱਖ ਅਤੇ ਪੌਦੇ ਲਾਏ ਗਏ ਹਨ ਜਿਹਨਾਂ ਦਾ ਜਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਡੇ ਗੁਰੂਆਂ ਵਲੋਂ ਕੀਤਾ ਗਿਆ ਹੈ। ਇਸ ਬਾਗ਼ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਵੇਂ ਸਾਡੇ ਗੁਰੂ ਸਾਹਿਬਾਨਾਂ ਅਤੇ ਹੋਰ ਅਧਿਆਤਮਿਕ ਸਖ਼ਸੀਅਤਾਂ ਨੇ ਬਨਸਪਤੀ ਰਾਹੀਂ ਮਨੁੱਖਤਾ ਨੂੰ ਜ਼ਿੰਦਗੀ ਦਾ ਫ਼ਲਸਫਾ ਸਮਝਾ ਕੇ ਸਹੀ ਮਾਰਗ ਤੇ ਚੱਲਣ ਦੀ ਸਿਖਿਆ ਦਿੱਤੀ । ਇਹ ਮਹਾਨ ਕਾਰਜ਼ ਈਕੋ ਸਿੱਖ ਸੰਸਥਾ ਨੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਅਤੇ ਇਸ ਮਹਾਂ ਕਾਰਜ਼ ਦੀ ਦੇਸ਼ਾਂ ਵਿਦੇਸ਼ਾਂ ਵਿੱਚ ਸਲਾਘਾ ਕੀਤੀ ਜਾ ਰਹੀ ਹੈ।

ਰਚਨਾਵਾਂ ਦੇ ਦੌਰ ਵਿੱਚ ਸ੍ਰੀ ਪਰਸ਼ੋਤਮ ਭਰਦਵਾਜ, ਮਨਜੀਤ ਬਰਾੜ , ਡਾ. ਰਾਜਵੰਤ ਕੌਰ ਮਾਨ, ਸ. ਬਚਨ ਸਿੰਘ ਗੁਰਮ, ਸ. ਜਗਜੀਤ ਸਿੰਘ ਰੈਹਸੀ, ਸ੍ਰੀ ਰਾਮ ਸਰੂਪ ਸੇਣੀ , ਸੁਰਿੰਦਰ ਗੀਤ ਤੇ ਸ. ਜਗਦੇਵ ਸਿੱਧੂ ਨੇ ਹਾਜ਼ਰੀ ਲਗਵਾਈ।

ਸ੍ਰੀ ਰਾਮ ਸਰੂਪ ਸੈਣੀ ਦਾ ਮਾਲਕੌਸ ਰਾਗ ਵਿਚ ਗਾਇਆ ਭਜਨ ਕਲਾਸਿਕ ਪੇਸ਼ਕਾਰੀ ਹੋ ਨਿਬੜਿਆ ।

ਦਿਲਾਵਰ ਸਿੰਘ ਸਮਰਾ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਇਕ ਅਣਥੱਕ ਖੋਜੀ ਯਾਤਰੀ ਦੇ ਪੱਖ ਨੂੰ ਉਜਾਗਰ ਕੀਤਾ ਅਤੇ ਡਾ. ਮਹਿੰਦਰ ਸਿੰਘ ਹੱਲ੍ਹਣ ਨੇ ਜੀਵਨ ਦੇ ਤਜਰਬੇ ਵਿੱਚੋਂ ਅਣਮੋਲ ਵਿਚਾਰ ਪਰੋਸੇ ।

ਜਗਦੇਵ ਸਿੱਧੂ ਹੋਰਾਂ ਕਿਸਾਨ ਅੰਦੋਲਨ ਦੌਰਾਨ ਸ਼ਹੀਦਾਂ ਦੀ ਯਾਦ ਵਿਚ ਦੀਵੇ ਬਾਲ ਕੇ ਵਿਲੱਖਣ ਢੰਗ ਨਾਲ ਮਨਾਈ ਦੀਵਾਲੀ ਨੂੰ ਭਾਵ-ਪੂਰਤ ਕਵਿਤਾ ਰਾਹੀਂ ਰੂਪਮਾਨ ਕੀਤਾ। ਕਵਿਤਾ ਉਚਾਰਨ ਤੋਂ ਪਹਿਲਾਂ ਅਜੀਬ ਪਿਛੋਕੜ ਬਾਰੇ ਦੱਸਿਆ ਕਿ ਦੀਵਾਲੀ ਘਰ ਵਾਪਸ ਆਉਣ ਵਾਲਿਆਂ ਦੀ ਖੁਸ਼ੀ ਵਿੱਚ ਮਨਾਈ ਜਾਂਦੀ ਹੈ ਪਰ ਐਤਕੀਂ ਦੀਵਾਲੀ ਕਿਸਾਨੀ ਸੰਘਰਸ਼ ਦੇ ਸ਼ਹੀਦਾਂ ਦੇ ਨਾਮ ਮਨਾਈ ਗਈ ਜਿਹਨਾਂ ਨੇ ਹੁਣ ਕਦੇ ਵੀ ਘਰ ਵਾਪਿਸ ਨਹੀਂ ਆਉਣਾ।

ਸ. ਜਗਦੇਵ ਸਿੱਧੂ ਦੀ ਕਵਿਤਾ ਦਾ ਇਕ ਅੰਸ਼ ਪੇਸ਼ ਹੈ :

ਕੁਝ ਦੀਵੇ ਅੱਜ ਬਾਲ ਕੇ ਆਵਾਂ
ਦਿੱਲੀ ਬਾਡਰਾਂ ਉੱਤੇ
ਜਿੱਥੇ ਪੌਣਾਂ ਵਿਚ ਕ੍ਰਾਂਤੀ
ਏਸ ਚੰਦਰੀ ਰੁੱਤੇ
ਜਿੱਥੇ ਕੱਫਣ ਬੰਨ੍ਹ ਸਿਰਾਂ ਤੇ
ਇਸ ਧਰਤੀ ਦੇ ਜਾਏ
ਸੱਤਾ ਨੂੰ ਲਲਕਾਰੀ ਜਾਂਦੇ
ਬੰਨ੍ਹ ਕਾਫ਼ਲੇ ਆਏ
ਕੁਝ ਲਖੀਮਪੁਰ ਖੀਰੀ ਦੀਵੇ
ਪਾ ਕੇ ਰੱਤ ਜਗਾਏ
ਲਾਟ ਜਿਨ੍ਹਾਂ ਦੀ ਹੱਕ ਸੱਚ ਦਾ
ਰੋਹ ਭਾਂਬੜ ਬਣ ਜਾਏ ।

ਮੰਚ ਸੰਚਾਲਨ ਦਾ ਕੰਮ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਸੁਚੱਜੇ ਢੰਗ ਨਾਲ ਨਿਭਾਇਆ।









Ambleton
A Qualico Community
ਛੋਟੀਆਂ ਚੀਜਾਂ ਦਾ ਆਨੰਦ ਮਾਣੋ.
ਕੈਲਗਰੀ ਦਾ ਨਵਾਂ ਉੱਤਰੀ ਏਰੀਆ
1200 ਤੋਂ ਵੱਧ ਘਰ
8 ਫੇਸ
7.3Km ਲੰਮਾ ਪਥਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਫੇਸ 2 ਦੀਆਂ ਲਾਟਾਂ ਹੁਣ ਰਿਲੀਜ ਹੋ ਚੁੱਕੀਆਂ ਹਨ।
ਲੇਨਡ ਹੋਮ $400s ਤੋਂ ਸ਼ੁਰੂ ਹਨ
ਫਰੰਟ ਗੈਰਾਜ $500s ਤੋਂ ਸ਼ੁਰੂ ਹਨ
ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ
ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : liveinambleton.com
ਐਵਾਰਡ ਜੇਤੂ ਬਿਲਡਰ: • Shane Homes • Sterling Homes • Trico Homes • Broadview Homes • Jayman Built
24 St NW
144 Ave NE
14 St NW
Evanston Dr NW
Symons Valley Pkwy NW
Stoney Trail NW
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO® communities




DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਫਰੰਟ ਗੈਰਾਜ ਵਾਲੀਆਂ ਲਾਟਾਂ
• ਡੁਪਲੈਕਸ ਲਾਟਾਂ
• ਲੇਨਡ ਲਾਟਾਂ
TOWNHOMES FROM THE LOW $300s
DUPLEX HOMES FROM THE MID $340s
LANED HOMES FROM THE HIGH $300s
FRONT GARAGE HOMES FROM THE LOW $500s
360° ਵਰਚੂਅਲ ਟੂਰ ਵੀ ਮਿਲਦਾ ਹੈ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes
ਕਮਿਊਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO® communities

CORNERSTONE

# TOP 5 REASONS TO LIVE IN CORNERSTONE




LEARN MORE AT LIVEATCORNERSTONE.CA

Apartment Condos | Townhomes | Duplex | Laned | Front Drive

Anthem United


anthemunited.com




ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES
FROM THE
$270s
DUPLEXES
FROM THE LOW
$400s
FRONT GARAGE
FROM THE MID
$500s
REDSTONE
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੁਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
redstonecommunity.ca
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


NEW SHOWHOMES
NOW OPEN
NOW EVEN MORE IN
WALKER SUMMIT
More lots to choose from
LANED | FRONT GARAGE | TOWNHOMES
LIFE dentistry
Walker
SUMMIT
walkersummit.com
LANDMARK HOMES
MONTORIO HOMES
MORRISON HOMES
Pacesetter HOMES
ELLERSLIE RD SW
WATT BLVD SW
50 ST SW
60 ST SW
WATT PROMENADE SW
WATT DR SW
WONNACOTT WAY
23 AVE SW
Anthem United
anthemunited.com

# ਪੰਜਾਬੀ ਗੀਤਕਾਰ ਮੰਗਲ ਹਠੂਰ 14ਵੀਂ ਵਾਰ ਕੈਲਗਰੀ ਵਿੱਚ ਆਪਣੇ ਕਲਮੀ "ਗੁੱਸੇ ਗਿੱਲੇ" ਲੈਕੇ ਹਾਜ਼ਿਰ ਹੋਇਆ



























ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਬੀਕਾਨੇਰ ਸਵੀਟਸ ਵਾਲੇ ਹਾਲ ਅੰਦਰ ਬੀਤੀ 14 ਨਵੰਬਰ 2021 ਨੂੰ ਨਾਮਵਰ ਗੀਤਕਾਰ ਮੰਗਲ ਹਠੂਰ ਡੀਵਾਈਨ ਕਸਟਮ ਹੋਮਜ਼ ਵਾਲੇ ਸੋਹੀ ਭਰਾਵਾਂ ਦੇ ਸੱਦੇ ਉੱਪਰ 14 ਵੀਂ ਵਾਰ ਆਪਣੇ ਕਲਮੀ ਗੁੱਸੇ ਗਿਲੇ ਲੈਕੇ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਰੂ-ਬਰੂ ਹੋਇਆ। ਘੁੱਸੇ ਗਿੱਲੇ ਮੰਗਲ ਹਠੂਰ ਦੀ 14ਵੀ ਗੀਤਾਂ ਦੀ ਛਪੀ ਕਿਤਾਬ ਦਾ ਨਾਂ ਹੈ। ਮੈਂਬਰ ਪਾਰਲੀਮੈਂਟ ਜੌਰਜ ਚਾਹਲ, ਅਲਬਰਟਾ ਦੀ ਟਰਾਂਸਪੋਰਟ ਮੰਤਰੀ ਰਾਜਨ ਸਾਹਨੀ, ਕੌਂਸਲਰ ਰਾਜ ਧਾਲੀਵਾਲ , ਪਾਲੀ ਵਿਰਕ, ਰਿਸ਼ੀ ਨਾਗਰ, ਰਾਮ ਸੋਹੀ ਬਾਜਾਖਾਨਾ,ਵੀਰਪਾਲ ਸੋਹੀ ਬਾਜਾ ਖਾਨਾ ਅਤੇ ਹੋਰ ਕੈਲਗਰੀ ਦੇ ਨਾਮਵਰ ਸੱਜਣਾਂ ਦੀ ਹਾਜਰੀ ਵਿੱਚ ਕਿਤਾਬ ਦੀ ਘੁੰਢ ਚੁਕਾਈ ਹੋਈ।ਕੈਲਗਰੀ ਵਾਸੀ ਲੋਕ ਗਾਇਕ ਬਲਜਿੰਦਰ ਢਿੱਲੋਂ ਅਤੇ ਜਰਨੈਲ ਐਲੋਂ ਨੇ ਆਪੋ ਆਪਣੇ ਗੀਤਾਂ ਨਾਲ ਪਰੋਗਰਾਮ ਵਿੱਚ ਹਾਜਰੀ ਲਗਵਾਈ। ਮੰਗਲ ਹਠੂਰ ਦੀ ਸ਼ਾਇਰੀ ਨੇ ਲੰਮਾਸਮਾਂ ਲੋਕਾਂ ਨੂੰ ਕੀਲ ਕੇ ਰੱਖਿਆ । ਕਿਤਾਬਾਂ ਲੈਣ ਵਾਲਿਆਂ ਨੇ ਲਾਈਨ ਵਿੱਚ ਲੱਗਕੇ ਮੰਗਲ ਦੀਆਂ ਲਿਖੀਆਂ ਕਿਤਾਬਾਂ ਖਰੀਦਣ ਦੀ ਪੁਰਾਣੀ ਪ੍ਰਿਤ ਨੂੰ ਬਰਕਰਾਰ ਰੱਖਿਆ। ਅਲਬਰਟਾ ਦੀ ਟਰਾਂਸਪੋਰਟ ਮੰਤਰੀ ਨੇ ਮੰਗਲ ਦੀ ਸਾਫਸੁਥਰੀ ਕਲਮ ਦੀ ਸਰਾਹਣਾ ਕੀਤੀ। ਮੈਂਬਰ ਪਾਰਲੀਮੈਂਟ ਜੌਰਜ ਚਾਹਲ ਨੇ ਆਪਣੇ ਸ਼ਬਦਾਂ ਰਾਹੀ ਮੰਗਲ ਦੀ ਸ਼ਾਇਰੀ ਦੀ ਦਾਦ ਦਿੱਤੀ। ਕਿਸਾਨੀ ਮੋਰਚੇ ਸੂਰਮਗਤੀ,ਪੰਜਾਬੀ ਸੱਭਿਆਚਾਰ ਦੀਆਂ ਬਾਤਾਂ ਪਾਉਂਦਾ ਇਹ ਸਮਾਗਮ ਅਮਿੱਟ ਪੈੜਾਂ ਛੱਡ ਗਿਆ।

## ਪੰਜਾਬ ਐਗਰੀਕਲਚਰਲ ਯੂਨੀਵਰਿਸਟੀ ਦੇ ਸਾਬਕਾ ਸਾਈਕਲਿਸਟ ਅਤੇ ਪੜਾਕੂ ਨੇ ਸਾਈਕਲ ਚਲਾਕੇ ਬਿਮਾਰ ਬੱਚਿਆਂ ਲਈ 21000 ਡਾਲਰ ਫੰਡ ਇਕੱਠਾ ਕੀਤਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਐਗਰੀਕਲਚਰਲ ਯੂਨੀਵਰਿਸਟੀ ਲੁਧਿਆਣਾ ਵਿੱਚ ਕਿਸੇ ਸਮੇਂ ਨਿੱਤ ਨੇਮ ਹਾਜਰੀ ਵਿੱਚ ਯਕੀਨ ਰੱਖਣ ਵਾਲਾ ਪੜਾਕੂ ਕਿਸਮ ਦਾ ਮੁੰਡਾ ਸੰਦੀਪ ਬਜਾਜ ਅੱਜ ਕੱਲ ਕਨੇਡਾ ਦੇ ਸਹਿਰ ਕੈਲਗਰੀ ਰਹਿੰਦਾ ਹੈ। ਇਹਨੀ ਦਿਨੀ ਉਹਨਾਂ ਨੂੰ ਵਿਦਿਅਕ ਯੋਗਤਾ ਕਾਰਣ ਡਾਕਟਰ ਸੰਦੀਪ ਬਜਾਜ ਦੇ ਨਾਂ ਨਾਲ ਬੁਲਾਇਆ




ਜਾਂਦਾ ਹੈ। ਸਫਲ ਕਾਰੋਬਾਰੀ ਹੋਣ ਦੇ ਨਾਲ ਨਾਲ ਡਾਕਟਰ ਸੰਦੀਪ ਬਜਾਜ ਕੋਮਲ ਹਿਰਦੇ ਵਾਲਾ ਵੀ ਹੈ । ਆਪਣੀ ਸਫਲ ਆਨੰਦਮਈ ਜ਼ਿੰਦਗੀ ਦੇ ਨਾਲ ਨਾਲ ਉਹ ਆਪਣਾ ਆਲਾ ਦੁਆਲਾ ਵੀ ਖੁਸ਼ਹਾਲ ਅਤੇ ਤੰਦਰੁਸਤ ਦੇਖਣਾ ਚਾਹੁੰਦਾ ਹੈ। ਇਹੀ ਕਾਰਣ ਸੀ ਕਿ ਬੀਤੇ ਦਿਨੀ ਉਹਨਾਂ ਨੇ ਬਿਮਾਰ ਬੱਚਿਆਂ ਦੀ ਮੱਦਦ ਲਈ ਫੰਡ ਇਕੱਠਾ ਕਰਨ ਦੀ ਸੋਚੀ । ਇਸ ਮਕਸਦ ਲਈ ਉਹਨਾਂ ਨੇ ਸਾਈਕਲ ਚਲਾਕੇ ਫੰਡ ਇਕੱਠਾ ਕਰਨ ਦਾ ਮਨ ਬਣਾਇਆ। ਅਗਸਤ ਮਹੀਨੇ ਵਿੱਚ 965 ਕਿਲੋਮੀਟਰ ਸਾਈਕਲ ਦੇ ਚੱਕੇ ਘੁੰਮਦੇ ਗਏ ਅਤੇ ਡਾਲਰ ਨਾਲ ਡਾਲਰ ਜੁੜਦਾ ਗਿਆ । ਕੁੱਲ 21000 ਕਨੇਡੀਅਨ ਡਾਲਰ ਇਕੱਠੇ ਕਰ ਕੇ ਸਿੱਕ ਕਿਡਜ਼ ਫਾਉਂਡੇਸ਼ਨ ਨੂੰ ਮੱਦਦ ਵੱਜੋਂ ਦਿੱਤੇ। ਇਹ ਫੰਡ ਚਾਈਲਡਹੁੱਡ ਕੈਨਸਰ ਰਿਸਰਚ,ਅਤੇ ਕੈਂਸਰ ਤੋਂ ਪੀੜਤ ਬੱਚਿਆਂ ਦੀਆਂ ਵਿਸੇਸ ਲੋੜਾਂ ਲਈ ਵਰਤੇ ਜਾਣੇ ਹਨ। ਸਾਈਕਲਿੰਗ ਦੇ ਖੇਤਰ ਵਿੱਚ ਸਪੋਰਟ 2 ਸੁਪੋਰਟ ਨਾਂ ਦੇ ਸਲੋਗਨ ਹੇਠ ਉਹਨਾਂ ਨੇ ਕਨੇਡਾ ਭਰ ਵਿੱਚ 6ਵਾਂ ਅਤੇ ਅਲਬਰਟਾ ਸੂਬੇ ਅੰਦਰ ਦੂਜਾ ਰੈਂਕ ਪਰਾਪਤ ਕੀਤਾ ਹੈ ਅਤੇ ਉਹਨਾਂ ਵੱਲੋਂ ਹੀ ਬਣਾਈ ਗਈ ਪੀ ਏ ਯੂ ਦੀ ਅਲੂਮੀਨੀ ਟੀਮ ਵਿੱਚ 12ਵਾਂ ਰੈਂਕ ਪਰਾਪਤ ਹੈ ਇਸ ਪ੍ਰਤੀਯੋਗਤਾ ਵਿੱਚ 19870 ਪ੍ਰਤੀਯੋਗੀਆਂ ਨੇ ਹਿੱਸਾ ਲਿਆ। ਡਾਕਟਰ ਸੰਦੀਪ ਬਜਾਜ ਦਾ ਮੰਨਣਾ ਹੈ ਕਿ ਅਜਿਹਾ ਕਰਨ ਨਾਲ "ਨਾਲੇ ਪੁੰਨ ਤੇ ਨਾਲੇ ਫਲੀਆਂ" ਵਾਲੀ ਗੱਲ ਸੱਚੀ ਹੋ ਜਾਂਦੀ ਹੈ । ਸਾਈਕਲ ਚਲਾਉਣ ਨਾਲ ਸਿਹਤ ਤੰਦਰੁਸਤ ਰਹਿੰਦੀ ਹੈ ਅਤੇ ਨਾਲ ਨਾਲ ਲੋੜਵੰਦ ਖੇਤਰਾਂ ਵਿੱਚ ਫੰਡ ਇਕੱਠਾ ਕਰਨ ਦੇ ਜ਼ਰੀਏ ਮੱਦਦ ਵੀ ਹੋ ਜਾਂਦੀ ਹੈ।

## ਗੁਰਮੀਤ ਕੌਰ ਸਰਪਾਲ ਦੀ ਹੁਣ ਜਗਾਹ ਮੰਨੂ ਭਗਤ ਅੰਗਰਾਲ ਰਾਇਲ ਵੋਮੈਨ ਸੋਸਾਇਟੀ ਦੀ ਪ੍ਰਧਾਨਗੀ ਕਰੇਗੀ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਦੀਵਾਲੀ ਦੇ ਜਸ਼ਨ ਮਨਾਉਂਦੇ ਰਾਇਲ ਵੋਮੈਨ ਐਸੋਏਸ਼ਨ ਕੈਲਗਰੀ ਦੀ ਸਰਪ੍ਰਸਤ ਗੁਰਮੀਤ ਸਰਪਾਲ ਨੇ ਇਸਦੀ ਵਾਗਡੋਰ ਨੂੰ ਅੱਗੇ ਸੌਂਪਦਿਆਂ ਹੋਇਆ ਸਰਬਸੰਮਤੀ ਨਾਲ ਮਨੁ ਭਗਤ ਅੰਗਰਾਲ ਨੂੰ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਚੁਣਿਆ ਗਿਆ। ਮਨੁ ਭਗਤ ਅੰਗਰਾਲ ਸੁਪਤਨੀ ਰਾਜੇਸ਼ ਅੰਗਰਾਲ (ਸਬਰੰਗ ਰੇਡੀਓ ਕੈਲਗਰੀ ਦੇ ਸੰਚਾਲਕ) ਕੈਲਗਰੀ ਦੀਆਂ ਨਾਮਵਰ ਆਇਲ ਐਂਡ ਗੈਸ ਕੰਪਨੀਆਂ ਵਿੱਚ ਕੰਮ ਕਰ ਚੁਕੇ ਹਨ। ਇਸਦੇ ਨਾਲ ਨਾਲ ਸਮਾਜ ਸੇਵਿਕਾ ਦੇ ਤੌਰ ਤੇ ਵੀ ?ਹਨਾ ਨੇ ਆਪਣੀ ਭੂਮਿਕਾ ਬਾਖੂਬੀ ਨਿਭਾਈ ਹੈ। ਸਬਰੰਗ ਰੇਡੀਓ ਨਾਲ ਕਈ ਸਾਲਾਂ ਤੋਂ ਜੁੜੇ ਮਨੁ ਭਗਤ ਅੰਗਰਾਲ ਨੇ ਰੇਡੀ? ਦੇ ਕਈ ਦਰਜਨਾ ਫ੍ਰੀ ਐਂਟਰੀ ਮੇਲੇ ਜਿਵੇਂ ਕਿ ਵੈਸਾਖੀ ਮੇਲਾ, ਕਲਚਰਲ ਫੈਸਟ ਈਵੈਂਟ ਵਿੱਚ ਸੈਂਕੜੇ ਲੋਕਾਂ ਨੂੰ ਆਪਣੀ ਕਲਾ ਦਿਖਾਉਣ ਦਾ ਮੌਕਾ ਦਿੱਤਾ। ਸਟੇਜ ਤੇ ਆਪਣੇ ਸਵਾਗਤੀ ਭਾਸਣ ਵਿੱਚ ਮਨੁ ਭਗਤ ਅੰਗਰਾਲ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਭਨਾਂ ਦੇ ਪਿਆਰ ਤੇ ਸਹਿਯੋਗ ਸਦਕਾ ਉਹ ਇਸ ਸੰਸਥਾ ਨੂੰ ਹੋਰ ਬੁਲੰਦੀਆਂ ਵੱਲ ਲੈਕੇ ਜਾਣਗੇ। ਇਸ ਮੌਕੇ ਸ਼੍ਰੀਮਤੀ ਜਗਦੀਸ਼ ਕੌਰ ਸਰੋਆ ਨੂੰ ਵਾਈਸ ਪ੍ਰੈਜ਼ੀਡੈਂਟ, ਸ਼੍ਰੀਮਤੀ ਗੁਰਮੀਤ ਕੌਰ ਮਲ੍ਹੀ, ਸ਼੍ਰੀਮਤੀ ਰਾਣੀ ਚੱਠਾ ਸ਼੍ਰੀਮਤੀ ਸੁਰਿੰਦਰਪਾਲ ਕੌਰ ਕੈਂਥ , ਸ਼੍ਰੀਮਤੀ ਰਵਿੰਦਰ ਕੌਰ, ਸ਼੍ਰੀਮਤੀ ਕੁਲਦੀਪ ਥਿੰਦ ਨੂੰ ਕਾਰਜਕਾਰੀ ਕਮੇਟੀ ਵਿੱਚ ਸ਼ਾਮਿਲ ਕੀਤਾ ਗਿਆ। ਇਸ ਪੂਰੇ ਪੋਗ੍ਰਾਮ ਨੂੰ ਰਾਜੇਸ਼ ਅੰਗਰਾਲ ਵੱਲੋਂ ਸਬਰੰਗ ਰੇਡੀਓ 94.7 ਐਫ ਐਮ ਕੈਲਗਰੀ ਉੱਪਰ ਲਾਈਵ ਪ੍ਰਸਾਰਿਤ ਕੀਤਾ ਗਿਆ।




ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਨੇ ਦੀਵਾਲੀ ਮੌਕੇ ਆਪਣਾ ਸਾਲਾਨਾ ਸਮਾਗਮ ਕੀਤਾ ਜਿਸ ਵਿੱਚ ਸਹਿਰ ਦੀਆਂ ਨਾਮਵਰ ਸਖ਼ਸੀਅਤਾਂ ਨੇ ਹਾਜਰੀ ਭਰੀ ।




ਇੰਡੋ ਕਨੇਡੀਅਨ ਕਮਿਓਨਿਟੀ ਐਸੋਸੀਏਸ਼ਨ ਕੈਲਗਰੀ ਵੱਲੋਂ 11 ਨਵੰਬਰ ਵਾਲੇ ਦਿਨ ਸਹੀਦਾਂ ਨੂੰ ਚੇਤੇ ਕਰਦਿਆਂ ਰੀਮੈਂਬਰਸ ਡੇਅ ਮਨਾਇਆ ਗਿਆ। ਇਸ ਮੌਕੇ ਸੰਸਥਾ ਦੇ ਮੈਂਬਰਾਂ ਨੇ ਮੰਚ ਉਪਰੋਂ ਸਹੀਦਾਂ ਨੂੰ ਸ਼ਰਧਾਜਲੀ ਵੱਜੋਂ ਆਪੋ ਆਪਣੀਆਂ ਰਚਨਾਵਾਂ ਵੀ ਪੇਸ਼ ਕੀਤੀਆਂ ।

